ਅਕਤੂਬਰ ੧੯੯੫

# ਵਰਿਆਮ

## ਸੰਪੂਰਨ ਸੰਗੀਤ ਦਾ ਮੂਰਤ ਰੂਪ



ਸ੍ਰੀ ਭੈਣੀ ਸਾਹਿਬ ਦੀ ਸੰਗੀਤ ਸਭਾ। ਖਬੇ ਸਤਿਗੁਰੂ ਜਗਜੀਤ ਸਿੰਘ ਜੀ ਗਾਇਣ ਕਰਦੇ ਹੋਏ। ਨਾਲ ਪੰਡਤ ਰਾਜਨ੍ਹ ਮਿਸ਼ਰਾ, ਸਾਜਨ ਮਿਸ਼ਰਾ, ਪੰਡਤ ਬਿਰਜੂ ਮਹਾਰਾਜ ਕੱਥਕ ਢੋਲਕ ਨਾਲ, ਸੁਖਦੇਵ ਸਿੰਘ ਤਬਲੇ ਤੇ ਅਤੇ ਹੋਰ ਕਲਾਕਾਰ ਸਭਾ ਵਿਚ ਉਸਤਾਦ ਅੱਲਾ ਰੱਖਾ ਖਾਂ ਸਾਹਿਬ ਵੀ ਹਾਜ਼ਰ ਸਨ।

ਲੇਖ ਪੰਨਾ ੧੨ ਤੇ

Sri Satguru Jagjit Singh Ji eLibrary NamdhariElibrary@gmail.com

ਆਪਣੇ ਪਰਿਵਾਰ ਅਤੇ ਮਿੱਤਰਾਂ ਸੰਗ
ਚਿੰਤਾ ਮੁਕਤ, ਪ੍ਰਸੰਨ-ਚਿੱਤ ਦਿਨ ਮਾਨਣ ਵਾਸਤੇ

# ਸੁਖਾਵੇਂ ਪਲ ਤੁਹਾਨੂੰ ਉਡੀਕ ਰਹੇ ਹਨ !

| | |
|---|---|
| ✫ ਸਾਗਰ ਛੱਲਾਂ ਸੰਗ ਖੇਡਣ | ✫ ਆਸਮਾਨ ਤੋਂ ਝੀਲ ਵਿਚ ਤਿਲਕਣ |
| ✫ ਨਦੀ, ਵਿਚ ਤੈਰਨ | ✫ ਸਰੋਵਰ ਵਿਚ ਸਾਈਕਲ ਬੋਟ ਚਲਾਉਣ |
| ✫ ਆਕਾਸ਼ ਵਿਚ ਹੁਲਾਰੇ ਲੈਣ | ✫ ਬੱਚਾ ਰੇਲ ਗੱਡੀ ਦਾ ਹੂਟਾ ਲੈਣ |
| ✫ ਗੀਤ ਸੰਗੀਤ ਮਾਨਣ | ✫ ਅਨੰਦ ਲੈਣ ਵਾਸਤੇ ਪਧਾਰੋ |

## ਟਿਕਟ ਏਕ-ਖੇਲ ਅਨੇਕ
## ਦੇਸ਼ ਭਰ ਵਿਚ ਆਪਣੇ ਵਰਗਾ ਆਪ







# ਫਨ 'ਐੱਨ' ਫੂਡ ਵਿਲੇਜ

(ਪੋਲੋ ਅਮਿਊਜ਼ਮੈਂਟ ਪਾਰਕ ਲਿਮਿਟਡ)

ਪਿੰਡ ਕਾਪਾ ਸੇਹੜਾ, ਪੁਰਾਣੀ ਦਿੱਲੀ ਗੁੜਗਾਓਂ ਰੋਡ, ਨਵੀਂ ਦਿੱਲੀ-110037

ਧੌਲਾ ਕੂਆਂ ਤੋਂ 11 ਕਿਲੋਮੀਟਰ-ਸੈਂਟੂਰ ਹੋਟਲ ਤੋਂ 3 ਕਿਲੋਮੀਟਰ)

ਫੋਨ : 5563587, 5564500-501-502-503 ਫੈਕਸ : 5563867

Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ ਨਵੇਂ ਨਵੇਂ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ : **ਨਾਮਧਾਰੀ ਸੇਲਜ਼** ੧੦੨੪੦/੫੪, ਲਾਇਬਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

***Namdhari Sales***

Manufacturers of :

**FURSHI DURRIES & CARPETS**

in Bright & Fast Colours

10240/54, Library Road, Azad Market, DELHI—110006
Phone : 7514784

---

**ਚਾਹ ਨਹੀਂ !**

**ਨਾਮਧਾਰੀ ਚਾਹਟਾ—ਨਾਮਧਾਰੀ ਸ਼ਰਦਾਈ**

*੧੦੦ ਗਰਾਮ, *੨੦੦ ਗਰਾਮ *੩੦੦ ਗਰਾਮ

ਦੇ ਪੈਕਟਾਂ ਵਿਚ ਅਤੇ

੮੦੦ ਗਰਾਮ ਸ਼ੀਸ਼ੇ ਦੇ ਮਰਤਬਾਨ ਵਿਚ !

ਨਿਰਮਾਤਾ :

**ਨਾਮਧਾਰੀ ਇੰਟਰਪ੍ਰਾਈਜ਼ਿਜ਼**

ਫੈਕਟਰੀ : D–੧੧੪, ਫੋਕਲ ਪੁਆਇੰਟ
ਲੁਧਿਆਣਾ—੧੪੧੦੧੦
ਫੋਨ ੬੭੧੩੮੫, ੬੭੦੪੬੧

ਦਫ਼ਤਰ : ੨੦-L, ਮਾਡਲ ਟਾਊਨ,
ਲੁਧਿਆਣਾ—੧੪੧੦੦੨
ਫੋਨ : ੨੫੭੦੯




Sri Satguru Jagjit Singh Ji eLibrary NamdhariElibrary@gmail.com

https://archive.org/details/namdhari


GOLD MEDAL WINNER
(1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634



ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

## ਨਾਮਧਾਰੀ ਬ੍ਰਦਰਜ਼

ਡਾਲਟਨ ਗੰਜ (ਬਿਹਾਰ)

## Namdhari Brothers

DALTON GANJ
(Bihar)

Prop. :
S. AJIT SINGH NAMDHARI



*With best compliments from :*

# OsteR PARtNER

CARDIGANS • PULLOVERS

*Ante-date Knitters*

A quality product of
**UDEY Knitwears**
Manufacturers & Exporters
Street No.3, Jammu Colony, Nr. Preet Palace, Opp Atam Park, LUDHIANA-141 003
Phones: 405338, 36349, Fax: 26070 ATTN., 24349




Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS
(SINGLE & DOUBLE BARRELS) 12-BORE GUNS
ALSO SALE & PURCHASES OF
INDIAN & IMPORTED (12-Bore Guns, Revolvers/Pistols N. P· Bore) Guns
Also Repairers of all Types of Guns



**Once Purchased Ever Purchased**

Best Quality of The Day is Our Motto
Contact Us With Full Confidence :

Hello : 533810

**Free India Gun Manufacturers**

Prop : S. KARTAR SINGH (JAMMU-WALE)
6 Industrial Estate, Ashok Nagar,
Jammu Cantt.-3

Sister Concern :

M/s KARTAR SINGH
ARMS & AMMUNITION DEALERS



Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE, DHAULPUR & GWALIOR BUCH**

PROP. : DAYA SINGH BHUI

**WZ-2, Mansarover Garden, Ring Road, NEW DELHI—110015**

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for Marriages Parties & Govt. Functions

**Namdhari Tent House**

53, Hamidia Road Near Alpana Talkies,
BHOPAL (M.P.)

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

**SAGGU IRON INDUSTRIES**

ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Beards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, JALANDHAR.




Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਅਕਤੂਬਰ ੧੯੯੫ ਜਿਲਦ-੨੦ ਅੰਕ-੧੨

ਤਤਕਰਾ


| | |
|---|---|
| ਗੁਰਬਾਣੀ ਵਿਚ ਧਰਮ ਅਨੁਸਾਰ ਸਰਬਤ ਦਾ ਭਲਾ —ਹ. ਸ. ਹੰਸਪਾਲ | ੭ |
| ਸੰਪੂਰਨ ਸੰਗੀਤ ਦਾ ਮੂਰਤ ਰੂਪ—ਜਗਦੀਸ਼ ਸਿੰਘ | ੧੨ |
| ਲੌਟ ਕੇ ਬੁਧੂ—ਸਰਵਨ ਕੁਮਾਰ ਵਰਮਾ | ੧੫ |
| ਪੈਰਾਂ ਹੇਠੋਂ ਖਿਸਕਦੀ ਸੜਕ—ਪ੍ਰੀਤਮ ਸਿੰਘ ਪੰਛੀ | ੧੯ |
| ਕਾਗਜ਼ ਦੇ ਵਪਾਰੀ—ਨੂਰ ਸੰਤੋਖਪੁਰੀ | ੨੦ |
| ਚੰਦ ਦੀਆਂ ਰਿਸ਼ਮਾਂ—ਸੁਰਿੰਦਰ ਕੌਰ ਖਰਲ | ੨੧ |
| ਹੁਣ ਵਕਤ ਹੈ ਆਰਾਮ ਦਾ—ਤਰਲੋਕ ਮਨਸੂਰ | ੨੧ |
| ਚਿਰਾਂ ਪਿਛੋਂ ਫੇਰੀ—ਲੈਫ: ਕਰਨਲ ਗੁਲਚਰਨ ਸਿੰਘ | ੨੨ |
| ਗਜ਼ਲ—ਕਰਤਾਰ ਸਿੰਘ ਪੰਛੀ | ੨੪ |
| ਪਿੰਡ ਦੀਆਂ ਯਾਦਾਂ—ਗੁਰਦੇਵ ਸਿੰਘ ਹੰਜਰਾ | ੨੫ |
| ਵਿਹਲ ਦਾ ਰੁਝੇਵਾਂ—ਜਗਦੀਸ਼ ਸਿੰਘ | ੨੭ |
| ਮੇਰੀ ਪਾਕਿਸਤਾਨ ਫੇਰੀ—ਜੰਗ ਬਹਾਦਰ ਸਿੰਘ ਘਈ | ੩੧ |
| ਪ੍ਰਤੀਕਰਮ | ੩੭ |


## ਵਰਿਆਮ ਦੇ ਨਵੇਂ ਦਰ


| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।


# ਭੈਣੀ ਸਾਹਿਬ ਦਾ ਮੇਲਾ

ਸ੍ਰੀ ਭੈਣੀ ਸਾਹਿਬ ਵਿਚ ਸਾਲਾਨਾ ਜਪ ਪਰਯੋਗ ਬਹੁਤ ਵਿਸ਼ਾਲ ਆਯੋਜਨ ਹੁੰਦਾ ਹੈ। ਰੋਜ਼-ਅਠ ਘੰਟੇ ਨਾਮ ਸਿਮਰਨ ਦੇ ਅਭਿਆਸ ਤੋਂ ਇਲਾਵਾ ਗੁਰਬਾਣੀ ਪੜ੍ਹਨ, ਕੀਰਤਨ ਕਥਾ ਆਦਿ ਦਾ ਨਿਤ-ਕਰਮ ਪੂਰਾ ਇਕ ਮਹੀਨਾ ਮਰਿਯਾਦਾ ਵਿਚ ਹੁੰਦਾ ਹੈ। ਅੰਤਲੇ ਚਾਰ ਦਿਨ ਤਾਂ ਬਹੁਤ ਵਿਸ਼ਾਲ ਮੇਲੇ ਦਾ ਰੂਪ ਬਣ ਜਾਂਦਾ ਹੈ। ਫਰਕ ਕੇਵਲ ਇਹ ਹੁੰਦਾ ਹੈ ਕਿ ਇਹ ਆਮ ਮੇਲਾ ਨਹੀਂ ਹੁੰਦਾ। ਇਥੇ ਬਾਜ਼ਾਰ ਨਹੀਂ ਲਗਦਾ, ਖਾਣ-ਪੀਣ ਦੀਆਂ ਦੁਕਾਨਾਂ ਵੀ ਨਹੀਂ ਲਗਦੀਆਂ। ਇਸ ਮੇਲੇ ਵਿਚ ਲਗਾਤਾਰ ਕਈ ਕਈ ਦਿਨ ਦੀਵਾਨ ਸਜਦੇ ਹਨ। ਨਾਮਧਾਰੀਆਂ ਦੇ ਹੱਲੇ ਦੇ ਦੀਵਾਨ ਬਹੁਤ ਮਸ਼ਹੂਰ ਹਨ। ਬਦਲ ਬਦਲਕੇ ਕਈ ਜਥੇਦਾਰ ਇਹ ਕੀਰਤਨ ਕਰਦੇ ਹਨ। ਰਾਗੀਆਂ ਦਾ ਕੀਰਤਨ ਬਹੁਤ ਅਦਭੁੱਤ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਆਪਣੀ ਸਿੱਧੀ ਨਿਗਰਾਨੀ ਵਿਚ ਤਿਆਰ ਹੋਏ ਰਾਗ ਤਾਲ ਵਿਚ ਪਰਬੀਨ ਰਾਗੀ ਕੀਰਤਨ ਕਰਦੇ ਹਨ। ਇਕੋ ਸਟੇਜ ਤੇ ਹਰ ਉਮਰ ਦੇ ਰਾਗੀਆਂ ਅਤੇ ਸਾਜ਼ਿੰਦਿਆਂ ਦਾ ਏਡਾ ਵੱਡਾ ਸਮੂਹ ਹੋਰ ਕਿਤੇ ਨਹੀਂ ਦੇਖਣ ਨੂੰ ਮਿਲਦਾ। ਇਸ ਵਾਰ ਇਹ ਮੇਲਾ ੧੪-੧੫-੧੬-੧੭ ਅਕਤੂਬਰ ਨੂੰ ਸੀ। ਬਹੁਤ ਕੁਝ ਬਦਲਿਆ ਹੋਇਆ ਸੀ। ਬੇਆਵਾਜ਼ ਛੱਤ ਵਾਲੇ ਪੱਖੇ ਵੀ ਸਿਮਰਤੀ ਮੰਦਰ ਦੇ ਹਾਲ ਵਿਚ ਲਗ ਗਏ ਸਨ। ਸ੍ਰੀ ਭੈਣੀ ਸਾਹਿਬ ਨ੍ਹਾਤਾ-ਧੋਤਾ ਲਿਸ਼ਕਿਆ ਹੋਇਆ ਲਗ ਰਿਹਾ ਸੀ। ਸਵੇਰੇ ਅੰਮ੍ਰਿਤ ਵੇਲੇ ਜਦੋਂ ਇਕ ਬੱਚੇ ਦੀ ਮਾਤਾ ਆਸਣ ਵਿਛਾ ਕੇ ਸਾਡੇ ਅੱਗੇ ਦੋ ਬੱਚਿਆਂ ਨੂੰ ਬਿਠਾ ਗਈ ਤਾਂ ਉਹ ਇਕ ਟੱਕ ਅਡੋਲ ਚੌਂਕੜਾ ਮਾਰ ਕੇ ਮਾਲਾ ਫੇਰਦੇ ਰਹੇ। ਸਿਰ ਤੇ ਸੋਹਣੀਆਂ ਨਾਮਧਾਰੀ ਦਸਤਾਰਾਂ ਸੋਭਾ ਪਾ ਰਹੀਆਂ ਸਨ। ਇਸ ਜਲਾਲੀ ਚਿਹਰਿਆਂ ਵਾਲੇ ਦੋਸਤ ਬੱਚਿਆਂ ਨੂੰ ਵੇਖ ਕੇ ਇਕ ਪਰੇਮੀ ਸਜਣ ਕਹਿਣ ਲਗੇ—ਇਹੋ ਜਿਹੀਆਂ ਤਸਵੀਰਾਂ ਵਰਿਆਮ ਵਿਚ ਲਾਇਆ ਕਰੋ। ਅਸੀਂ ਇਕ ਬੱਚੇ ਨੂੰ ਪੁਛਿਆ—ਕਾਕਾ ਜੀ ਤੁਹਾਡਾ ਨਾਂ ਕੀ ਹੈ? ਕਹਿਣ ਲਗਾ—ਉੱਤਮ ਸਿੰਘ। ਤੁਹਾਡੇ ਪਿਤਾ ਦਾ ਨਾਮ? ਜਵਾਬ ਸੀ—ਠਾਕਰ ਉਦੇ ਸਿੰਘ ਜੀ। ਦੂਸਰੇ ਬੱਚੇ ਨੂੰ ਪੁਛਿਆ-ਤੁਹਾਡਾ ਨਾਮ ਕੀ ਹੈ? ਹਰਨਾਮ ਸਿੰਘ। ਪਿਤਾ ਜੀ ਦਾ ਨਾਮ? ...ਉਤਰ ਸੀ, 'ਪਿਤਾ ਜੀ!' ਏਡੀ ਛੋਟੀ ਉਮਰ ਵਿਚ (ਜਦੋਂ ਪਿਤਾ ਦਾ ਨਾਮ ਵੀ ਯਾਦ



Sri Satguru Jagjit Singh Ji eLibrary NamdhariElibrary@gmail.com

ਨਹੀਂ) ਸਵੇਰ ਦਾ ਸਕੇਸੀ ਇਸ਼ਨਾਨ ਨਿੱਠ ਕੇ ਚੌਂਕੜਾ ਮਾਰ ਕੇ ਨਾਮ ਸਿਮਰਨ ਦਾ ਅਭਿਆਸ, ਬੱਚਿਆਂ ਦੇ ਸੰਸਕਾਰਾਂ ਦਾ ਅੰਗ ਬਣ ਗਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਹੀ ਇਹ ਕ੍ਰਿਸ਼ਮਾ ਕਰ ਸਕਦੇ ਹਨ ਕਿ ਸਾਰੀ ਕੌਮ ਨੂੰ ਸੂਤਰ-ਬੱਧ ਕਰਕੇ ਐਸੇ ਕਰੜੇ ਅਨੁਸ਼ਾਸਨ ਵਿਚ ਪਰੋ ਦੇਣਾ।

## ਬੀਬੀ ਮਹਿੰਦਰ ਕੌਰ ਐਵਾਰਡ

ਸਵਰਗੀ ਬੀਬੀ ਮਹਿੰਦਰ ਕੌਰ ਸਿਠਾਣੀ (ਸੁਪਤਨੀ ਸੇਠ ਤਰਲੋਕ ਸਿੰਘ ਚਾਵਲਾ) ਨਾਮਧਾਰੀ ਜਗਤ ਵਿਚ ਬਹੁਤ ਸੇਵਾ ਭਾਵੀ ਵਿਅਕਤੀ ਵਜੋਂ ਪਰਸਿਧ ਰਹੇ ਹਨ ਉਹਨਾਂ ਦੀ ਯਾਦ ਵਿਚ ਇਸ ਸਾਲਾਨਾ ਮੇਲੇ ਵਿਚ ਇਕ ਐਵਾਰਡ ਦਿਤਾ ਜਾਂਦਾ ਹੈ। ਇਸ ਵਾਰ ਇਹ ਸਨਮਾਨ ਪ੍ਰਾਪਤ ਕਰਨ ਵਾਲੇ ਸਨ ਬੀਬੀ ਬਲਜੀਤ ਕੌਰ। ਬੀਬੀ ਬਲਜੀਤ ਕੌਰ ਆਪ ਵੀ ਸੇਵਾ ਦੀ ਹੀ ਮੂਰਤ ਹਨ। ਇਹ ਐਵਾਰਡ ਤਾਂ ਇਕ ਰਸਮ ਸੀ। ਉਹਨਾਂ ਨੇ ਤਿੰਨ ਸਪੁਤਰ ਸੁਖਦੇਵ ਸਿੰਘ, ਹਰਪਾਲ ਸਿੰਘ ਅਤੇ ਰਛਪਾਲ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਜੀ ਸੇਵਾ ਵਾਸਤੇ ਅਰਪਿਤ ਕਰਕੇ ਉਂਜ ਵੀ ਬਹੁਤ ਸਨਮਾਨ ਪ੍ਰਾਪਤ ਕੀਤਾ ਹੋਇਆ ਹੈ।

## ਪ੍ਰੀਤਮ ਸਿੰਘ ਕਵੀ ਦਾ ਸਨਮਾਨ

ਸ੍ਰੀ ਪ੍ਰੀਤਮ ਸਿੰਘ ਕਵੀ ਕਿਸੇ ਜਾਨ ਪਛਾਣ ਦੇ ਮੁਹਤਾਜ ਨਹੀਂ। 'ਬੀਤੇ ਦੀਆਂ ਪੈੜਾਂ' ਪੁਸਤਕ ਲੜੀ ਦੇ ਲੇਖਕ, ਸਤਿਜੁਗ ਦੇ ਭੂਤ-ਪੂਰਵ ਸੰਪਾਦਕ ਨਾਮਧਾਰੀਆਂ ਤੋਂ ਬਾਹਰ ਵੀ ਸਾਹਿਤਕ ਸਮਾਜਕ ਅਤੇ ਸਿਆਸੀ ਹਲਕਿਆਂ ਵਿਚ ਜਾਣਿਆ ਪਛਾਣਿਆ ਨਾਂਅ ਹੈ। ਸ੍ਰੀ ਜੀਵਨ ਨਗਰ ਨਿਵਾਸ ਸਮੇਂ ਉਹਨਾਂ ਉਸ ਇਲਾਕੇ ਵਿਚ ਸਾਹਿਤਕ ਚੇਤਨਾ ਜਗਾਉਣ ਲਈ ਉਘਾ ਯੋਗਦਾਨ ਪਾਇਆ। ਇਸੇ ਵਾਸਤੇ ਇਲਾਕੇ ਦੀ ਪ੍ਰਸਿਧ ਸਾਹਿਤਕ ਜਥੇਬੰਦੀ, ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਕਵੀ ਜੀ ਦਾ ਸਨਮਾਨ ਕੀਤਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਸਨਮਾਨ ਦਾ ਦਿਤਾ ਜਾਣਾ ਇਸ ਦੀ ਮਹੱਤਤਾ ਨੂੰ ਹੋਰ ਵੀ ਵਧਾ ਗਿਆ। ਮਾਨ ਪੱਤਰ, ਸਨਮਾਨ ਚਿੰਨ੍ਹ, ਸ਼ਾਲ ਅਤੇ ਨਕਦ ਮਾਇਆ, ਆਪਣੇ ਲੇਖਕ ਦੀ ਘਾਲਣਾ ਨੂੰ ਸਵੀਕਾਰ ਕਰਨ ਦਾ ਮਾਧਿਅਮ ਸਨ। ਨਾਮਧਾਰੀ ਸਾਹਿਤ ਸਭਾ ਲੰਮੇ ਸਮੇਂ ਤੋਂ ਕਵੀ ਦਰਬਾਰਾਂ ਦਾ ਆਯੋਜਨ ਕਰਦੀ ਅਤੇ ਕਦੇ ਕਦਾਈਂ ਪੁਸਤਕਾਂ ਵੀ ਛਾਪਦੀ ਹੈ। ਆਪਣੇ ਲੇਖਕਾਂ ਨੂੰ ਸਨਮਾਨ ਦੇਣ ਦਾ ਕਾਰਜ ਵੀ ਆਪਣੀ ਗਤੀ-ਵਿਧੀਆਂ ਵਿਚ ਰਲਾ ਕੇ ਚੰਗਾ ਉਦਮ ਕੀਤਾ ਹੈ। ਇਸ ਸਮੇਂ ਸਤਿਗੁਰੂ ਜੀ ਨੇ ਲੇਖਕਾਂ ਵਾਸਤੇ ਸ੍ਰੀ ਭੈਣੀ ਸਾਹਿਬ ਵਿਚ ਨਵੀਨ ਲੇਖਕ ਭਵਨ ਬਨਾਉਣ ਦੀ ਆਗਿਆ ਵੀ ਦਿਤੀ।

## ਪੰਜਾਬੀ ਸਾਹਿਤ ਦਾ ਮਿਲਟਨ

ਪ੍ਰੋ. ਕਿਰਪਾਲ ਸਿੰਘ ਕਸੇਲ ਪੰਜਾਬੀ ਸਾਹਿਤ ਦੇ ਪਾਠਕਾਂ ਦੇ ਦਿਲ ਵਿਚ ਵਸਿਆ ਨਾਮ ਹੈ। ਦਰਜਨਾਂ ਪੁਸਤਕਾਂ ਦੇ ਰਚੇਤਾ ਕਸੇਲ ਜੀ ਦੀ ਅੱਖਾਂ ਦੀ ਜੋਤ ਸੰਨ ੧੯੬੪ ਵਿਚ ਚਲੀ ਗਈ। ਪਰ ਉਹਨਾਂ ਨੇ ਜੋਤ ਜਾਣ ਤੋਂ ਬਾਅਦ ਸਾਹਿਤ ਦਾ ਹੋਰ ਵੀ ਡੂੰਘਾ ਅਧਿਅਨ ਕੀਤਾ ਅਤੇ ਪੁਸਤਕਾਂ ਵੀ ਜ਼ਿਆਦਾ ਸਾਹਿਤ ਜਗਤ ਨੂੰ ਭੇਟ ਕੀਤੀਆਂ। ਇੰਜ ਉਹਨਾਂ ਦੀ ਬਾਹਰਲੀ ਜੋਤ ਨਾਲੋਂ ਅੰਦਰਲੀ ਜੋਤ ਦਾ ਪਰਕਾਸ਼ ਕਈ ਗੁਣਾ ਫੈਲਿਆ ਹੈ। ਕਸੇਲ ਜੀ ਇਸ ਸਾਰੀ ਗਲ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਹੀ ਦਸਦੇ ਹਨ। ਪ੍ਰੋ. ਪੂਰਨ ਸਿੰਘ ਜੀ ਦੀ ਰਹਸਵਾਦੀ ਅੰਗਰੇਜ਼ੀ ਕਵਿਤਾ ਦਾ ਉਹਨਾਂ ਡੂੰਘਾ ਅਧਿਅਨ ਕੀਤਾ ਹੈ ਅਤੇ ਇਸ ਸਬੰਧ ਵਿਚ ਪੁਸਤਕਾਂ ਛਾਪੀਆਂ ਹਨ। ਉਹਨਾਂ ਦੀ ਨਵਾਂ ਪੁਸਤਕ ਇੰਦਰ ਧਨੁਸ਼ ੧੫੦੦ ਅੰਗਰੇਜ਼ੀ ਪੰਨਿਆਂ ਦਾ ਪੰਜਾਬੀ ਅਨੁਵਾਦ ਹੈ। ਪ੍ਰੋ. ਸਤਬੀਰ ਸਿੰਘ ਜੀ ਦੀ ਪ੍ਰੇਰਨਾ ਤੇ ਲਿਖੀ ਅਤੇ ਸ਼ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਇਸ ਪੁਸਤਕ ਦੀ ਪਹਿਲੀ ਕਾਪੀ ਕਸੇਲ ਜੀ ਨੇ ਸਤਿਗੁਰੂ ਜੀ ਨੂੰ ਭੇਟ ਕਰਕੇ ਖੁਸ਼ੀ ਪ੍ਰਾਪਤ ਕੀਤੀ। ਇਸ ਸੰਬੰਧੀ ਵਾਕਫੀ ਸ. ਹਰਵਿੰਦਰ ਸਿੰਘ ਹੰਸਪਾਲ ਜੀ ਨੇ ਦਿਤੀ। ਕਸੇਲ ਜੀ ਨੇ ਆਪਣੇ ਵਕਤਵ ਵਿਚ ਆਪਣੇ ਜੀਵਨ ਸਮੇਂ ਸਤਿਗੁਰੂ ਜੀ ਦੀ ਅਪਾਰ ਕਿਰਪਾ ਦਾ ਵਰਨਣ ਖੁਲੇ ਸ਼ਬਦਾਂ ਵਿਚ ਕੀਤਾ।

ਅੰਗਰੇਜ਼ੀ ਸਾਹਿਤ ਵਿਚ ਕਵੀ ਮਿਲਟਨ ਦਾ ਉੱਘਾ ਨਾਮ ਹੈ, ਜਿਸ ਨੇ ਅੱਖਾਂ ਦੀ ਜੋਤ ਜਾਣ ਬਾਦ ਵੀ ਸਾਹਿਤ ਰਚਨਾ ਕੀਤੀ। ਪ੍ਰੋ. ਕਸੇਲ ਦੀ ਘਾਲਣਾ ਮਿਲਟਨ ਤੋਂ ਘੱਟ ਨਹੀਂ।

ਭੈਣੀ ਸਾਹਿਬ ਦੇ ਇਸ ਵਿਸਥਾਰਤ ਮੇਲੇ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ, ਪਰ ਤੱਤ ਰੂਪ ਵਿਚ ਇਸ ਨਿਵੇਕਲੇ ਆਯੋਜਨ ਦੀ ਆਪਣੀ ਭਾਰੀ ਮਹੱਤਤਾ ਹੈ—ਇਸ ਯੁਗ ਵਿਚ ਆਤਮਕ ਉੱਚਤਾ, ਸਵੱਛਤਾ, ਸੇਵਾ ਸਿਮਰਨ ਅਤੇ ਗੁਰੂ ਦਰਸ਼ਨ ਜਿਹੇ ਉੱਚੇ ਆਦਰਸ਼ਾਂ ਦੀ ਪ੍ਰਾਪਤੀ ਦਾ ਇਕ ਬਲਵਾਨ ਸਾਧਨ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਗੁਰਬਾਣੀ ਵਿੱਚ ਧਰਮ ਅਨੁਸਾਰ ਸਰਬਤ ਦਾ ਭਲਾ

—ਹਰਵਿੰਦਰ ਸਿੰਘ ਹੰਸਪਾਲ

ਪ੍ਰਥਮ ਸਤਿਗੁਰੂ, ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਨਾਮ ਲੇਵਾ ਗੁਰਸਿੱਖਾਂ ਵਿੱਚ ਗੁਰਬਾਣੀ ਦਾ ਬੜਾ ਮਹੱਤਵ ਹੈ। ਗੁਰਬਾਣੀ ਪੜ੍ਹ ਕੇ ਗੁਰਸਿੱਖ ਮਹਿਸੂਸ ਕਰਦੇ ਹਨ ਕਿ ਉਹਨਾਂ ਵਿਚ ਧਰਮ ਚੇਤਨਾ ਆ ਰਹੀ ਹੈ ਅਤੇ ਉਹਨਾਂ ਨੂੰ ਆਪਣੇ ਜੀਵਣ ਨੂੰ ਸੋਹਣੇ ਤੇ ਸੁਚਜੇ ਢੰਗ ਨਾਲ ਜਿਊਣ ਵਿਚ ਔਖਿਆਈ ਮਹਿਸੂਸ ਨਹੀਂ ਹੁੰਦੀ। ਜਿਉਂ ਜਿਉਂ, ਬਾਰ ਬਾਰ ਗੁਰਬਾਣੀ ਦਾ ਪਾਠ ਕਰੀਏ, ਅਰਥਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਗਿਆਨ ਵਧਦਾ ਜਾਂਦਾ ਹੈ। ਗੁਰਬਾਣੀ ਪੜ੍ਹ ਕੇ, ਇਸ ਦਾ ਅਧਿਐਨ ਕਰਕੇ, ਇਸਦੇ ਅਰਥਾਂ ਨੂੰ ਸਮਝ ਕੇ ਅਤੇ ਫਿਰ ਉਸ ਦੇ ਅਨੁਰੂਪ ਜੀਵਨ ਢਾਲਣ ਨਾਲ ਦੁੱਖਾਂ ਕਲੇਸ਼ਾਂ ਤੋਂ ਛੁਟਕਾਰਾ ਮਿਲਦਾ ਜਾਂਦਾ ਹੈ। ਆਪਾ ਪਰਕਾ ਮਿਟਦਾ ਜਾਂਦਾ ਹੈ। ਸਭ ਆਪਣੇ ਲਗਦੇ ਹਨ। ਦੂਸਰੇ ਦੀ ਭਲਾਈ ਕਰਨਾ ਆਪਣਾ ਭਲਾ ਲਗਦਾ ਹੈ।

ਗੁਰਬਾਣੀ ਇਸੁ ਜਗ ਮਹਿ ਚਾਨਣੁ ਹੈ। ਇਸ ਨੇ ਸਰਲ ਭਾਸ਼ਾ ਵਿਚ ਮਨੁੱਖ ਨੂੰ ਅਧਿਆਤਮਕ ਸੂਝ ਦਿਤੀ ਹੈ, ਉਸ ਸਮੇਂ ਦੇ ਸਮਾਜਕ ਹਾਲਤ ਉਤੇ ਚਾਨਣਾ ਪਾਇਆ ਹੈ ਅਤੇ ਰਾਜਨੀਤਕ ਉਤਰਾਵਾਂ ਚੜ੍ਹਾਵਾਂ ਦਾ ਜਨ ਸਧਾਰਨ ਉਤੇ ਅਸਰ ਪੇਸ਼ ਕੀਤਾ ਹੈ। ਗੁਰੂ ਸਾਹਿਬ ਨੇ ਬਾਣੀ ਵਿਚ ਉਸ ਸਮੇਂ ਵਿਆਪਕ ਕਰਮ ਕਾਂਡ ਅਤੇ ਉਪਾਸਨਾ ਬਾਰੇ ਦੱਸ ਕੇ ਗਿਆਨ ਦਾ ਸੰਚਾਰ ਕੀਤਾ ਹੈ। ਬਾਣੀ ਕਿਸੇ ਇਕ ਫਿਰਕੇ ਲਈ ਨਹੀਂ ਸੀ ਰਚੀ ਗਈ ਸਮੁਚੀ ਮਾਨਵਤਾ ਲਈ ਰਚੀ ਗਈ ਹੈ। ਬਾਣੀ ਸਾਨੂੰ ਆਪਣੇ ਅਮਲ ਇਸ ਤਰ੍ਹਾਂ ਦੇ ਪੇਸ਼ ਕਰਨ ਦੀ ਸਿਖਿਆ ਦੇਂਦੀ ਹੈ ਜਿਸ ਨਾਲ ਹਿੰਦੂ, ਹਿੰਦੂ ਰਹੇ, ਮੁਸਲਮਾਨ ਮੁਸਲਮਾਨ ਰਹੇ, ਪਰ ਕਰਮ ਉਚੇ ਰੱਖਣ। ਨਹੀਂ ਤਾਂ ਸ਼ੁੱਭ ਅਮਲਾਂ ਬਾਝੋਂ ਕੋਈ ਵੀ ਵੱਡਾ ਨਹੀਂ। ਸ਼ੁੱਭ ਅਮਲ ਲੋਕ ਪਰਲੋਕ ਸੁਆਰਦੇ ਹਨ। ਲੋਕ ਸੌਰਦਾ ਹੈ ਨਿਰਮਲ ਕਰਮ ਕਰਿਆਂ ਅਤੇ ਸਰਬਤ ਦਾ ਭਲਾ ਮੰਗਿਆਂ ਅਤੇ ਪਰਲੋਕ ਸੌਰਦਾ ਹੈ ਨਾਮ ਜਪਿਆਂ। ਗੁਰਬਾਣੀ ਵਿਚ ਲੌਕਿਕ ਅਤੇ ਪਾਰਲੌਕਿਕ ਦੋਵੇਂ ਤੱਤ ਹਨ।

ਬਾਣੀ ਅਨੁਸਾਰ ਸ੍ਰੇਸ਼ਟ ਧਰਮ ਹੈ,

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮ ॥
(ਗਉੜੀ ਮਹਲਾ ੫)

ਇਸ ਪਰਚੇ ਵਿਚ ਜਿਸ ਵਿਸ਼ੇ ਨੂੰ ਚਰਚਾ ਦਾ ਧੁਰਾ ਬਣਾਇਆ ਹੈ ਉਹ ਹੈ ਗੁਰਬਾਣੀ ਵਿਚ ਧਰਮ ਅਨੁਸਾਰ ਸਰਬਤ ਦਾ ਭਲਾ।

ਉਂਜ ਤਾਂ ਗੁਰਬਾਣੀ ਨੂੰ ਵਾਚਿਆਂ, ਉਸਨੂੰ ਸਮਝਿਆਂ ਅਤੇ ਸਤਿਗੁਰੂ ਸਾਹਿਬਾਨ ਦੇ ਜੀਵਨ ਕਾਲ ਦੇ ਦ੍ਰਿਸਟਾਂਤਾਂ ਤੋਂ ਇਹ ਗੱਲ ਗੁੱਝੀ ਨਹੀਂ ਰਹਿੰਦੀ ਕਿ ਗੁਰਬਾਣੀ, ਗੁਰ ਇਤਿਹਾਸ ਅਤੇ ਗੁਰਮਤਿ ਦਾ ਭਾਵੇਂ ਆਰਥਿਕ ਪਖੋਂ ਅਧਿਐਨ ਕਰੀਏ ਭਾਵੇਂ ਰਾਜਨੀਤਕ ਪਖੋਂ ਜਾਂ ਸਮਾਜਕ ਪਖੋਂ ਸਰਬਤ ਦਾ ਭਲਾ ਨਿੱਖਰ ਕੇ ਸਾਹਮਣੇ ਆ ਜਾਂਦਾ ਹੈ। ਇਸ ਪਰਚੇ ਵਿਚ ਸਾਡੀ ਸੀਮਾ ਧਰਮ ਦੇ ਪਖੋਂ ਸਰਬਤ ਦੇ ਭਲੇ ਬਾਰੇ ਵਿਚਾਰ ਕਰਨ ਦੀ ਹੈ। ਸੋ ਪਹਿਲਾਂ ਧਰਮ ਬਾਰੇ ਹੀ ਨਖੇੜਾ ਕਰ ਲਿਆ ਜਾਏ ਕਿ ਧਰਮ ਕੀ ਹੈ, ਫਿਰਕੇਦਾਰੀ ਜਾਂ ਸਦਗੁਣਾ ਦਾ ਸਮੂਹ ?

ਗੁਰਬਾਣੀ ਵਿਚ ਧਰਮ ਨੂੰ ਧਾਰਨ ਕਰਨ ਬਾਰੇ ਥਾਂ ਪਰ ਥਾਂ ਲਿਖਿਆ ਹੈ। ਉਹ ਧਰਮ ਕਿਹੜਾ ਹੈ ਜਿਸ ਨੂੰ ਧਾਰਨ ਕਰਨਾ ਹੈ ? ਇਸ ਬਾਰੇ ਸਤਿਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ ੧੬ਵੀਂ ਪੌੜੀ ਵਿਚ ਹੀ ਲਿਖ ਦਿੱਤਾ ਹੈ ਕਿ ਪੌਰਾਣਕ ਕਥਾਵਾਂ ਅਨੁਸਾਰ ਜਿਸ ਬਲਦ ਨੇ ਧਰਤੀ ਦਾ ਭਾਰ ਚੁਕਿਆ ਹੋਇਆ ਹੈ ਉਹ ਧਰਮ ਰੂਪੀ ਬਲਦ ਹੈ :

ਧੌਲੁ ਧਰਮੁ ਦਇਆ ਕਾ ਪੂਤੁ।
ਸੰਤੋਖ ਥਾਪਿ ਰਖਿਆ ਜਿਨਿ ਸੂਤਿ ॥

ਉਹ ਧਰਮ ਰੂਪੀ ਬਲਦ ਦਇਆ ਦਾ ਪੁੱਤਰ ਹੈ। ਉਸ ਨੇ ਸੰਤੋਖ ਨਾਲ ਇਸਨੂੰ ਸੂਤ ਕਰਕੇ, ਨੇਮ ਬਧ ਕਰਕੇ ਰਖਿਆ ਹੈ। ਜਿਸ ਅੰਦਰ ਦਇਆ ਹੋਵੇਗੀ ਉਸ ਅੰਦਰ ਹੰਕਾਰ ਨਹੀਂ ਆਵੇਗਾ। ਉਹ ਵਿਅਕਤੀ ਸੁਚੇਤ ਹੀ ਨਹੀਂ ਅਚੇਤ ਰੂਪ ਵਿਚ ਵੀ ਪਾਪਾਂ ਤੋਂ ਡਰੇਗਾ ਤੇ ਬਚੇਗਾ। ਇਸੇ ਕਰਕੇ ਦਇਆ ਦਾ ਪੱਲਾ ਨਾ ਛੱਡਣ ਲਈ ਗੋਸਵਾਮੀ ਤੁਲਸੀ ਦਾਸ ਜੀ ਨੇ ਵੀ ਲਿਖਿਆ ਹੈ।

ਦਯਾ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ।
ਤੁਲਸੀ ਦਯਾ ਨਾ ਛੋਡੀਏ, ਜਬ ਲਗ ਘਟ ਮੇਂ ਪ੍ਰਾਨ।



Sri Satguru Jagjit Singh Ji eLibrary NamdhariElibrary@gmail.com

ਗੁਰੂ ਅਰਜਨ ਦੇਵ ਜੀ ਦਇਆ ਕਰਨ ਵਾਲੇ ਪੁਰਖ ਨੂੰ ਸੁਜਾਨ ਦਾ ਵਿਸ਼ੇਸ਼ਣ ਦੇਂਦੇ ਹਨ।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨ ॥

(ਮਾਝ ਮਹਲਾ ੫)

ਜਿਸ ਪੁਰਸ਼ ਦੇ ਅੰਦਰ ਦਇਆ ਭਾਵਨਾ ਹੈ ਉਹ ਮਨੁਖਾਂ ਹੀ ਨਹੀਂ ਸਾਰੇ ਜੀਵ ਜੰਤੂਆਂ ਦਾ ਭਲਾ ਅਤੇ ਵਾਯੂ ਮੰਡਲ ਦੀ ਸ਼ਾਂਤੀ ਲੋਚਦਾ ਹੈ। ਉਸ ਨੂੰ ਸਰਬਤ ਦਾ ਭਲਾ ਕਰਨ ਲਈ ਉਚੇਚ ਕਰਨ ਦੀ ਲੋੜ ਹੀ ਨਹੀਂ ਪੈਂਦੀ ਕਿਉਂਕਿ ਬੁਰਾਈ ਉਸ ਦੇ ਅੰਦਰ ਆਉਂਦੀ ਹੀ ਨਹੀਂ।

ਸੰਤੋਖੀ ਜੀਵ ਵਿਚ ਨਾ ਭੁੱਖ ਹੈ, ਨਾ ਤ੍ਰਿਸ਼ਨਾ ਹੈ, ਨਾ ਈਰਖਾ ਹੈ, ਨਾ ਸਾੜਾ ਹੈ। ਉਸ ਅੰਦਰ ਧੀਰਜ ਹੈ, ਸਬਰ ਹੈ, ਗਹਿਰ ਗੰਭੀਰਤਾ ਹੈ। ਉਹ ਕਿਸੇ ਦੀ ਚੋਪੜੀ ਵੇਖ ਕੇ ਜੀਅ ਨਹੀਂ ਤਰਸਾਉਂਦਾ, ਸਗੋਂ ਰੁੱਖੀ-ਸੁਖੀ ਖਾ ਕੇ ਠੰਢਾ ਪਾਣੀ ਪੀ ਕੇ ਖੁਸ਼ ਹੈ। ਉਸ ਨੂੰ ਧਰਮੀ ਪੁਰਖ ਸਮਝਿਆ ਜਾਂਦਾ ਹੈ।

ਧਰਮ ਦਾ ਅਰਥ ਕੋਈ ਪੰਥ ਜਾਂ ਫਿਰਕਾ ਨਹੀਂ। ਨਾ ਇਸ ਦਾ ਸੰਬੰਧ ਤੋੜਨ ਵਿਛੋੜਨ ਨਾਲ ਹੈ, ਨਾ ਲੜਾਈ ਝਗੜੇ ਨਾਲ। ਹੁਣ ਤਾਂ ਇਹ ਸਮਝਿਆ ਜਾਂਦਾ ਹੈ ਕਿ ਜੇ ਹਿੰਦੂ, ਸਿੱਖ, ਮੁਸਲਮਾਨ ਮਿੱਤਰ ਇਕੱਠੇ ਤੁਰੇ ਜਾਂਦੇ ਹਨ ਤਾਂ ਮੰਦਰ, ਮਸਜਿਦ, ਗੁਰਦੁਆਰੇ ਉਹਨਾਂ ਨੂੰ ਵਖ ਵਖ ਕਰਦੇ ਹਨ, ਕਿਉਂਕਿ ਜਦ ਉਹਨਾਂ ਨੂੰ ਧਰਮ ਕਰਮ ਪੂਜਾ ਪਾਠ ਦੀ ਲੋੜ ਪਵੇਗੀ ਤਾਂ ਉਹ ਇਕੱਠੇ ਨਹੀਂ ਬੈਠ ਸਕਣਗੇ। ਉਹਨਾਂ ਨੂੰ ਆਪਣੇ ਆਪਣੇ ਧਰਮ ਸਥਾਨਾਂ ਵਿਚ ਜਾਣਾ ਪਵੇਗਾ। ਜੇ ਕਿਤੇ ਵਾਤਾਵਰਣ ਭੜਕੀਲਾ ਹੋ ਗਿਆ ਤਾਂ ਹਿੰਸਾ ਤੋਂ ਵੀ ਗੁਰੇਜ਼ ਨਹੀਂ ਕਰਨਗੇ।

ਪਰ ਇਹ ਹਿੰਸਾ ਧਰਮ ਕਰਕੇ ਨਹੀਂ। ਜੇ ਧਰਮ ਦੀ ਲੜਾਈ ਹੋਵੇ ਤਾਂ ਇਕੋ ਧਰਮ ਨੂੰ ਮੰਨਣ ਵਾਲੇ ਆਪਸ ਵਿਚ ਕਿਉਂ ਲੜਨ। ਇਕੋ ਧਰਮ ਸਥਾਨ ਉਤੇ ਕਬਜ਼ਾ ਜਮਾਉਣ ਲਈ ਫਸਾਦ ਕਿਉਂ ਹੋਣ? ਇਹ ਲੜਾਈ ਕਬਜ਼ੇ ਦੀ ਭਾਵਨਾ ਦੀ ਹੈ। ਗੁਰਬਾਣੀ ਅਨੁਕੂਲ ਸੋਚ ਨਾ ਹੋਣ ਦੀ ਹੈ। ਦਇਆ ਵਲੋਂ ਪਿੱਠ ਮੋੜਨ ਕਾਰਨ ਹੈ, ਸਭ ਦਾ ਭਲਾ ਸੋਚਣ ਦੀ ਥਾਂ ਆਪਣਾ ਭਲਾ ਅਤੇ ਦੂਸਰੇ ਦਾ ਬੁਰਾ ਕਰਨ ਦੀ ਹੈ।

ਸਾਰੀ ਧਰਤੀ ਧਰਮਸਾਲ ਹੈ ਧਰਮ ਕਾਰਜ ਕਰਨ ਲਈ ਹੈ। ਅਕਾਲ ਪੁਰਖ ਨੇ ਦਿਨ ਰਾਤ ਬਣਾਏ ਹਨ ਤਾਂ ਕਿਸੇ ਵਿਅਕਤੀ ਵਿਸ਼ੇਸ਼ ਜਾਂ ਵਰਗ ਲਈ ਨਹੀਂ, ਰੁਤਾਂ ਤੇ ਥਿਤਾਂ ਵੀ ਏਸੇ ਤਰ੍ਹਾਂ ਇਕ ਲਈ ਨਹੀਂ ਬਣਾਈਆਂ। ਥਿਤ ਵਾਰ ਵੀ ਸਭ ਦੇ ਸਾਂਝੇ ਹਨ। ਹਵਾ, ਪਾਣੀ, ਅੱਗ ਸਭ ਦੇ ਸਾਂਝੇ ਹਨ। ਇਹਨਾਂ ਵਿਚ ਧਰਤੀ ਹੈ ਧਰਮਸਾਲ, ਜਿਸ ਵਿਚ ਸਭ ਪ੍ਰਕਾਰ ਦੇ ਜੀਵ ਜੰਤੂ ਵਸਦੇ ਹਨ:

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥ (ਜਪੁਜੀ)

ਧਰਤੀ ਰੂਪ ਧਰਮਸਾਲ ਵਿਚ ਜਿਸ ਧਰਮ ਦੀ ਗੱਲ ਹੈ ਉਹ ਧ੍ਰਿ ਧਾਤੂ ਤੋਂ ਬਣਦਾ ਹੈ। ਜਿਸ ਦੇ ਅਰਥ ਹਨ ਆਸਰਾ ਦੇਣ ਤੇ ਧਾਰਨ ਕਰਨ ਦੇ। ਉਹ ਅਸੂਲ ਜੋ ਸਾਰੀ ਸ੍ਰਿਸ਼ਟੀ ਦਾ ਅਧਾਰ ਬਣਨ। ਉਹਨਾਂ ਅਸੂਲਾਂ ਨੂੰ ਅਸੁਰ ਤੋੜਦੇ ਹਨ, ਜਿਨ੍ਹਾਂ ਨੂੰ ਦੈਂਤ, ਰਾਖਸ਼ਸ਼ ਆਦਿ ਸ਼ਬਦਾਂ ਨਾਲ ਪੁਕਾਰਿਆ ਜਾਂਦਾ ਹੈ। ਅਸੁਰੀ ਅਨਸਰਾਂ ਦਾ ਖਾਤਮਾ ਕਰਨ ਲਈ ਤੇ ਧਰਮ ਦੀ ਸਥਾਪਨਾ ਕਰਨ ਲਈ ਭਗਵਾਨ ਆਪ ਅਵਤਾਰ ਧਾਰਦਾ ਹੈ:

ਧਰਮ ਸੰਸਥਾਪਨਾਰਥਯ ਸੰਭਵਾਮਿ ਯੁਗੇ ਯੁਗੇ।
(ਭਗਵਤ ਗੀਤਾ ਅਧਿਆਇ ੪)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤਕ ਧਰਮ ਦੀ ਐਸੀ ਦਸ਼ਾ ਹੋ ਚੁਕੀ ਸੀ:

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥
(ਤਿਲੰਗ ਮਹਲਾ ੧)

ਕੂੜ ਦੀ ਪ੍ਰਧਾਨਤਾ ਸਮੇਂ ਕੋਈ ਧਰਮ ਵੀ ਸੁਰਖਿਅਤ ਨਾ ਰਿਹਾ।

ਭਾਰਤੀ ਰਾਜੇ ਸਦੀਆਂ ਪਹਿਲਾਂ ਆਪਣਾ ਰਾਜ ਭਾਗ ਖੁਹਾ ਚੁਕੇ ਸਨ। ਮੁਹੰਮਦ ਬਿਨ ਕਾਸਿਮ ਤੋਂ ਸ਼ੁਰੂ ਹੋ ਕੇ ਹਮਲਾਵਰ ਭਾਰਤ ਨੂੰ ਲੁਟਦੇ ਲਤਾੜਦੇ ਰਹੇ ਸਨ। ਇਕ ਦੂਜੇ ਨੂੰ ਹਰਾ ਕੇ ਭਾਰਤ ਭੂਮੀ ਤੇ ਰਾਜ ਕਰਦੇ ਰਹੇ ਸਨ। ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਲੋਧੀ ਖਾਨਦਾਨ ਕੋਲੋਂ



Sri Satguru Jagjit Singh Ji eLibrary NamdhariElibrary@gmail.com

ਬਾਬਰ ਨੇ ਮੁਗਲੀਆ ਹਕੂਮਤ ਲਈ ਰਾਜ ਭਾਗ ਜਿਤ ਲਿਆ ਸੀ।

ਭਾਰਤੀ, ਡਰ ਕੇ ਜਾਂ ਲਾਭ ਹਿਤ, ਧਰਮੋਂ ਬੇਧਰਮ ਹੋ ਰਹੇ ਸਨ। ਉਹਨਾਂ ਨੂੰ ਧਰਮ ਦੀ ਸਿਖਿਆ ਦੇਣ ਵਾਲੇ ਸਿਧ, ਨਾਥ, ਯੋਗੀ ਸਭ ਪਹਾੜਾਂ ਵਿਚ ਜਾ ਛੁਪੇ ਸਨ। ਰਾਜਪੂਤਾਨੇ ਤੇ ਗੁਜਰਾਤ ਵਿਚ ਜੈਨ ਮਤ ਦਾ ਜ਼ੋਰ ਸੀ ਪਰ ਬਾਕੀ ਭਾਰਤ ਭੂਮੀ ਸਨਾਤਨ ਧਰਮੀ ਸੀ, ਸ੍ਰੀ ਰਾਮ, ਸ਼ਿਵ, ਕ੍ਰਿਸ਼ਨ ਆਦਿ ਦੀ ਉਪਾਸ਼ਕ ਸੀ। ਇਸ ਉਪਾਸ਼ਨਾ ਨੇ ਹੀ ਭਗਤੀ ਲਹਿਰ ਦਾ ਰੂਪ ਧਾਰਨ ਕੀਤਾ ਜਿਸ ਦਾ ਪ੍ਰਤੱਖ ਪ੍ਰਗਟਾਅ ਤੁਲਸੀ ਦਾਸ, ਸੂਰਦਾਸ, ਮੀਰਾ ਬਾਈ ਆਦਿ ਦੀਆਂ ਉੱਤਮ ਕਾਵਿ ਰਚਨਾਵਾਂ ਹਨ।

ਸਤਿਗੁਰੂ ਨਾਨਕ ਦੇਵ ਜੀ ਨੇ ਮਹਿਸੂਸ ਕੀਤਾ ਕਿ ਲੋਕ ਢੇਰੀ ਢਾਹ ਬੈਠੇ ਹਨ। ਉਹਨਾਂ ਅੰਦਰ ਧਰਮ ਭਾਵਨਾ ਹੀਣ ਗਈ ਸੀ। ਜਿਸ ਦੇ ਕਰਕੇ ਉਹ ਸ਼ਕਤੀ ਹੀਨ ਹੋ ਗਏ ਸਨ ਅਤੇ ਧਰਮ ਜੋਧਾ ਨਹੀਂ ਸਨ ਰਹੇ। ਉਹ ਆਪਣਾ ਲੋਕ ਪ੍ਰਲੋਕ ਤਾਂ ਗੁਆ ਹੀ ਬੈਠੇ ਸਨ, ਉਹ ਕਿਸੇ ਦਾ ਭਲਾ ਕਰਨ ਬਾਰੇ ਸੋਚ ਵੀ ਨਹੀਂ ਸਨ ਸਕਦੇ।

ਸਤਿਗੁਰੂ ਜੀ ਨੇ ਖੇਤੀ ਦੀ ਕਾਰ ਕਰਨ ਦਾ ਅਲੰਕਾਰ ਵਰਤ ਕੇ ਲਿਖਿਆ,

ਧਰਮੁ ਭੂਮਿ ਸਤੁ ਬੀਜ ਕਰਿ
ਐਸੀ ਕਿਰਸ ਕਮਾਵਹੁ ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥
(ਆਸਾ ਮਹਲਾ ੧)

ਲਾਹਾ ਖੱਟਣ ਲਈ ਧਰਮ ਦੀ ਧਰਤੀ ਉਤੇ ਸਤਿ ਦਾ ਬੀਜ ਜਦੋਂ ਉੱਗੇਗਾ ਤਾਂ ਉਸ ਦੀ ਮਹਿਕ ਚਹੁੰ ਕੂੰਟੀ ਪਸਰੇਗੀ ਅਤੇ ਸਾਰੀ ਦੁਨੀਆ ਨੂੰ ਇਸ ਦੀ ਸੁਗੰਧੀ ਦਾ ਅਨੰਦ ਦਿਤਾ ਜਾ ਸਕੇਗਾ। ਚੌਥੇ ਪਾਤਸ਼ਾਹ ਲਿਖਦੇ ਹਨ ਕਿ ਮੈਨੂੰ ਮੇਰੇ ਸਤਿਗੁਰੂ ਨੇ ਦ੍ਰਿੜਾਇਆ ਹੈ ਕਿ,

ਨਿਰਮਲ ਨਿਰਮਲ ਕਰਮ ਬਹੁ ਕੀਨੇ
ਨਿਤ ਸਾਖਾ ਹਰੀ ਜੜੀਜੈ।
ਧਰਮੁ ਫੁਲੁ ਫਲੁ ਗੁਰ ਗਿਆਨੁ ਦ੍ਰਿੜਾਇਆ
ਬਹਕਾਰ ਬਾਸੁ ਜਗਿ ਦੀਜੈ।
(ਕਲਿਆਨ ਮਹਲਾ ੪)

ਸਤਿਗੁਰ ਨੇ ਕ੍ਰਿਪਾ ਕੀਤੀ, ਸਾਧ ਸੰਗਤ ਵਿਚ ਬੈਠ ਕੇ ਅਰਾਧਨਾ ਕਰ ਸਕੇ ਤਾਂ ਸਤਿਗੁਰੂ ਨੇ ਦਾਤਾਂ ਬਖਸ਼ੀਆਂ,

ਸਾਧ ਸੰਗਿ ਆਰਾਧਨਾ ਹਰਿ ਨਿਧਿ ਆਪਾਰ ॥
ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀਂ ਬਾਰ ॥
(ਬਿਲਾਵਲ ਮਹਲਾ ੫)

ਸ਼ਾਸਤਰਾਂ ਅਨੁਸਾਰ ਧਰਮ ਦੇ ਦਸ ਅੰਗ ਹਨ :

ਖਿਮਾ ਅਹਿੰਸਾ ਦਇਆ ਮ੍ਰਿਦ ਸਤਬਚਨ ਤਪ ਦਾਨ ॥
ਸੀਲ ਸੋਚ ਤ੍ਰਿਸਨਾ ਬਿਨਾ ਧਰਮ ਲਿੰਗ ਦਸ ਜਾਨ ॥
(ਸਾਰੁਕਤਾਵਲੀ)

ਇਹਨਾਂ ਧਰਮ ਦੇ ਲੱਛਣਾਂ ਬਾਰੇ ਗੁਰਬਾਣੀ ਵਿਚ ਕਈ ਥਾਈਂ ਹਵਾਲੇ ਅੰਕਿਤ ਕੀਤੇ ਗਏ ਹਨ ਅਤੇ ਧਰਮਾਂ ਦੇ ਗੁਣਾਂ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿਤਾ ਗਿਆ ਹੈ।

ਗੁਰਬਾਣੀ ਦਾ ਮਨੋਰਥ ਤਾਂ ਬੰਦੇ ਨੂੰ ਵਧੀਆ ਮਨੁਖ ਬਣਾਉਣਾ ਹੈ। ਜੇ ਉਹ ਧਰਮ ਦੇ ਲਛਣਾਂ ਨੂੰ ਅਮਲੀ ਰੂਪ ਦੇਵੇਗਾ ਤਾਂ ਉਹ ਸਦਗੁਣਾਂ ਦਾ ਧਾਰਨੀ ਹੋ ਜਾਵੇਗਾ। ਉਸ ਅੰਦਰੋਂ ਤਾਤ ਪਰਾਈ ਖਤਮ ਹੋ ਜਾਵੇਗੀ। ਕੋਈ ਉਸ ਨੂੰ ਓਪਰਾ ਨਹੀਂ ਲਗੇਗਾ, ਬੇਗਾਨਾ ਨਹੀਂ ਲਗੇਗਾ। ਉਹ ਸਤਿਗੁਰੂ ਜੀ ਦੀ ਬਾਣੀ ਉਤੇ ਅਮਲ ਕਰ ਸਕੇਗਾ।

ਨਾ ਕੋ ਬੈਰੀ ਨਹੀਂ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ।
(ਕਾਨੜਾ ਮਹਲਾ ੫)

ਦੂਸਰੇ ਨੂੰ ਕੰਡਾ ਚੁਭਣ ਦੀ ਪੀੜ ਉਸ ਨੂੰ ਹੋਵੇਗੀ। ਦੂਸਰੇ ਦਾ ਦੁਖ ਉਸਨੂੰ ਆਪਣਾ ਦੁਖ ਜਾਪੇਗਾ। ਉਹ ਔਖੀ ਘੜੀ ਸਮੇਂ ਲੋੜਵੰਦ ਦੀ ਸਹਾਇਤਾ ਲਈ ਤਤਪਰ ਰਹੇਗਾ। ਗੁਰਬਾਣੀ ਦੀ ਭਾਵਨਾ ਨੂੰ ਸਮਝ ਚੁਕਾ ਹੋਵੇਗਾ ਕਿ :

ਸਭ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ
ਦੂਰਿ ਪਰਾਇਓ ਮਨ ਕਾ ਬਿਰਹਾ
ਤਾ ਮੇਲੁ ਕੀਓ ਮੇਰੈ ਰਾਜਨ।
(ਧਨਾਸਰੀ ਮਹਲਾ ੫)

ਸਾਰੇ ਆਪਣੇ ਮਿੱਤਰ ਤਾਂ ਹੀ ਬਣਦੇ ਹਨ ਜੇ ਆਪਣੇ ਅੰਦਰ ਮਿੱਤਰ ਭਾਵ ਹੋਵੇ। ਆਪ ਸਰਬਤ ਦਾ ਭਲਾ ਲੋਚੀਏ। ਆਪਣਾ ਭਲਾ ਕਰਨ ਵਾਲੇ ਪ੍ਰਤੀ ਤਾਂ ਮਨੁਖ ਦੀ ਸਦ ਭਾਵਨਾ ਹੁੰਦੀ ਹੈ। ਜਿਸ ਤੋਂ ਕਿਸੇ ਨੇ ਕੋਈ ਮਤਲਬ ਕੱਢਣਾ ਹੋਵੇ ਉਸ ਪ੍ਰਤੀ ਵੀ ਸਦਭਾਵਨਾ ਹੁੰਦੀ ਹੈ ਪਰ ਨਿਰਇਛਿਤ ਭਾਵ ਨਾਲ ਭਲਾ ਕਰਨ ਬਾਰੇ, ਉਹ ਵੀ ਦੋਸਤ ਦਾ ਹੀ



Sri Satguru Jagjit Singh Ji eLibrary NamdhariElibrary@gmail.com

ਨਹੀਂ ਦੁਸ਼ਮਣ ਦਾ ਵੀ, ਅਤੇ ਚੰਗੇ ਬੰਦੇ ਦਾ ਹੀ ਨਹੀਂ, ਭੈੜੇ ਬੰਦੇ ਦਾ ਵੀ, ਬਾਰੇ ਤਾਂ ਬਾਣੀ ਦੱਸਦੀ ਹੈ :

ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨਾ ਹਢਾਇ ॥
ਦੇਹੀ ਰੋਗ ਨਾ ਲਗਈ ਪਲੈ ਸਭੁ ਕਿਛੁ ਪਾਇ ॥

ਫਰੀਦ ਜੀ ਦੀ ਇਸ ਬਾਣੀ ਤੋਂ ਇਹ ਗੱਲ ਵੀ ਸਪਸ਼ਟ ਹੋ ਜਾਂਦੀ ਹੈ ਕਿ ਜਿਸ ਦੀ ਬਿਰਤੀ ਭਲਾ ਕਰਨ ਦੀ ਨਹੀਂ ਉਹ ਰੋਗੀ ਰਹਿੰਦਾ ਹੈ। ਚਿੰਤਾ, ਫਿਕਰ, ਈਰਖਾ, ਦਵੈਤ, ਸਾੜਾ, ਕੀਨਾ ਰੋਗ ਹੀ ਤਾਂ ਹਨ। ਜਿਹੜੇ ਲੋਕ ਸਦਾ ਕਿਸੇ ਦਾ ਬੁਰਾ ਕਰਨ ਦੀਆਂ ਵਿਉਂਤਾਂ ਸੋਚਦੇ ਰਹਿੰਦੇ ਹਨ ਉਹ ਚੰਗਾ ਨਹੀਂ ਸੋਚ ਸਕਦੇ, ਭਲਾ ਨਹੀਂ ਸੋਚ ਸਕਦੇ। ਜੋ ਬੁਰਾ ਸੋਚਣਗੇ ਉਸ ਦੇ ਅੰਦਰੋਂ ਬੋਲ ਵੀ ਮੰਦੇ ਨਿਕਲਣਗੇ। ਕਿਸੇ ਨੂੰ ਮੰਦਾ ਫਿੱਕਾ ਬੋਲਣਗੇ। ਬੰਦਾ ਦੁਖੀ ਹੋ ਜਾਂਦਾ ਹੈ, ਰਜ ਕੇ ਦੁਖੀ। ਇਸ ਦੁਖ ਤੋਂ ਛੁਟਕਾਰਾ ਪਾਉਣ ਦਾ ਮਾਰਗ ਵੀ ਸਤਿਗੁਰੂ ਸਾਹਿਬਾਨ ਨੇ ਆਪਣੀ ਬਾਣੀਂ ਰਾਹੀਂ ਦਸਿਆ ਹੈ,

ਪਰ ਕਾ ਬੁਰਾ ਨਾ ਰਾਖਹੁ ਚੀਤ ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥

ਕਿਉਂਕਿ ਬਾਣੀ ਭਲੇ ਪਾਸੇ ਲਾਉਂਦੀ ਹੈ ਏਸੇ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮਨਾਮੇ ਵਿਚ ਲਿਖ ਕੇ ਭੇਜਿਆ,

"ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ, ਬੁਢੇ ਬਾਲੇ ਨੇ। ਜੋ ਪਾਣੀ ਪੜ੍ਹੇਗਾ ਅਰ ਭਜਨ ਕਰੇਗਾ ਸੋ ਉਸਕੇ ਵਾਸਤੇ ਸਭ ਸੁਖ ਹੋਣਗੇ ਰਿਜਕ ਵਿਚ ਵੀ ਬਰਕਤ ਹੋਊਗੀ। ਸਰੀਰ ਬੀ ਅਰੋਗ ਰਹੇਗਾ।"

ਸਭ ਸੁਖ ਤਾਂ ਸਭ ਸੁਖ ਬੀਜਣ ਨਾਲ ਹੀ ਵੱਢੇ ਜਾ ਸਕਦੇ ਹਨ, ਕਿਉਂਕਿ ਖੇਤ ਤਾਂ ਕਰਮਾ ਸੰਦੜਾ ਹੈ। ਇਹ ਸੰਭਵ ਨਹੀਂ ਕਿ ਕਿਕਰ ਬੀਜਕੇ ਦਾਖਾਂ ਖਾ ਸਕੀਏ ਅਤੇ ਉੱਨ ਕਤਾ ਕੇ ਰੇਸ਼ਮ ਪਹਿਨ ਸਕੀਏ।

ਸ਼ੁਭ ਕਰਮ, ਗੁਰਬਾਣੀ ਅਨੁਸਾਰ ਜੀਵਨ ਜਿਊਣਾ ਹੈ। ਅੰਮ੍ਰਿਤ ਵੇਲੇ ਉਠਣਾ ਹੈ, ਪਿਛਲੇ ਰਾਤ ਨਾ ਜਾਗਣ ਵਾਲਾ ਤਾਂ ਜਿਉਂਦਾ ਹੀ ਮੋਇਆਂ ਵਰਗਾ ਹੈ। ਅੰਮ੍ਰਿਤ ਵੇਲੇ ਉਠ ਕੇ ਸਣੇ ਕੇਸੀ ਇਸ਼ਨਾਨ ਕਰਨਾ ਹੈ ਕਿਉਂਕਿ ਇਸ ਨਾਲ ਮੋਇਆਂ ਜੀਵਦਿਆਂ ਗਤ ਹੁੰਦੀ ਹੈ। ਅਕਾਲ ਪੁਰਖ ਦੀ ਅਰਾਧਨਾ ਤਾਂ ਦਿਨ ਰਾਤ ਕਰਨੀ ਹੈ। ਸਤਿਪੁਰਖ ਜਾਨਣ ਵਾਲੇ ਸਤਿਗੁਰੂ ਦੇ ਹੁਕਮ ਵਿਚ ਰਹਿਣਾ ਹੈ ਅਤੇ ਅਕਾਲ ਪੁਰਖ ਦਾ ਭਾਣਾ ਮਿੱਠਾ ਕਰ ਮੰਨਣਾ ਹੈ ਅਤੇ,

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ
ਜਾਣਹੁ ਗੁਰ ਸਿਖਹੁ
ਹਰਿ ਕਰਤਾ ਆਪ ਮੁਹਹੁ ਕਢਾਏ ॥
ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਇ ॥।

(ਗਉੜੀ ਮਹਲਾ ੫)

ਗੁਰਸਿੱਖ ਦਾ ਭਾਵ ਹੈ ਉਹ ਪੁਰਸ਼ ਜਿਹੜਾ ਆਪਣੇ ਗੁਰੂ ਦੇ ਹੁਕਮਾਂ ਦੇ ਅਨੁਕੂਲ ਜੀਵਨ ਬਤੀਤ ਕਰੇ। ਗੁਰੂ ਸਾਹਿਬਾਨ ਨੇ ਆਦਿ ਗੁਰੂ ਗ੍ਰੰਥ ਸਾਹਿਬ ਸੰਕਲਿਤ ਕਰਕੇ ਪ੍ਰਾਣੀ ਮਾਤਰ ਤੇ ਬੜਾ ਵੱਡਾ ਪਰ ਉਪਕਾਰ ਕੀਤਾ ਅਤੇ ਜੀਵਨ ਦੇ ਹਰ ਪਹਿਲੂ ਬਾਰੇ ਮਾਰਗ ਦਿਖਾਇਆ ਹੈ। ਗੁਰਸਿੱਖ ਨੂੰ ਗੁਰਬਾਣੀ ਚੋਂ ਗੁਰਬਾਣੀ ਤੇ ਅਧਾਰਿਤ ਜੀਵਨ ਜਿਊਣ ਦੀ ਪ੍ਰੇਰਣਾ ਵੀ ਮਿਲਦੀ ਹੈ ਅਤੇ ਸੇਧ ਵੀ। ਫਿਰ ਵੀ ਇਨਸਾਨ ਸੰਸਾਰ ਦੇ ਵਿਸ਼ਿਆ ਵਿਕਾਰਾਂ ਵਿਚ ਫੱਸ ਕੇ ਦੱਸੀ ਹੋਈ ਗੁਰ ਮਰਿਯਾਦਾ ਤੋਂ ਭਟਕ ਜਾਂਦਾ ਹੈ। ਸਿਧਾ ਪੰਧ ਛਡ ਕੁਰਾਹੇ ਪੈ, ਜੀਵਨ ਯਾਤਰਾ ਵਿਚ ਸੰਕਟ ਝੇਲਦਾ ਹੈ।

ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਸਿਧੇ ਸਿਧੇ ਤੇ ਸਪਸ਼ਟ ਫਾਰਮੂਲੇ ਲਿਖ ਦਿਤੇ ਹਨ, ਜਿਹੜਾ ਉਹਨਾਂ ਫਾਰਮੂਲਿਆਂ ਦਾ ਪ੍ਰਯੋਗ ਕਰੇਗਾ ਲਾਭ ਉਠਾਏਗਾ। ਜੇ ਜੀਵਨ ਵਿਚ ਕਲਹਿ ਤੇ ਕਲੇਸ਼ ਮਿਟਾ ਕੇ ਸੁਖ ਚਾਹੀਦਾ ਹੈ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ,

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ
ਕਲਿ ਕਲੇਸ ਤਨ ਮਾਹਿ ਮਿਟਾਵਉ

(ਸੁਖਮਨੀ)

ਇਹ ਵੀ ਸਪਸ਼ਟ ਦਸਿਆ ਹੈ ਸਿਮਰਨਾ ਤੇ ਧਿਆਉਣਾ ਕਿਸ ਤਰ੍ਹਾਂ ਹੈ। ਅੰਮ੍ਰਿਤ ਵੇਲੇ ਉਠਣਾ ਹੈ ਇਸ਼ਨਾਨ ਕਰਕੇ ਸਿਰਮਨ ਕਰਨਾ ਹੈ, ਦਿਨ ਚੜ੍ਹਨ ਸਾਰ ਗੁਰਬਾਣੀ ਦਾ ਪਾਠ ਕਰਨਾ ਹੈ,

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥

.........



Sri Satguru Jagjit Singh Ji eLibrary NamdhariElibrary@gmail.com

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ

ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥

(ਮਹਲਾ ੪)

ਗੁਰੂ ਜੀ ਨੇ ਇਸ਼ਨਾਨ ਦੀ ਵੀ ਵਿਆਖਿਆ ਕਰ ਦਿਤੀ ਹੈ, ਨਾਲ ਇਹ ਵੀ ਹੁਕਮ ਕੀਤਾ ਹੈ, ਸ਼ੈਤਾਨਾਂ ਨੂੰ ਇਹ ਗੱਲ ਚੰਗੀ ਨਹੀਂ ਲਗਦੀ :

ਨਾਇ ਨਿਵਾਜਾ ਨਾਤੈ ਪੂਜਾ ਨਾਵਣ ਸਦਾ ਸੁਜਾਣੀ ॥
ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰ ਪਾਈਐ ਪਾਣੀ ॥
ਨਾਨਕ ਸਿਰਖੁਥੇ ਸੈਤਾਨੀ ਏ ਨਾ ਗਲ ਲਭਾਣੀ ॥

(ਵਾਰ ਮਾਝ ਮਹਲਾ ੧)

ਜੀਵਨ ਦੇ ਹਰ ਪਹਿਲੂ ਦੀ ਜਾਚ ਦੱਸੀ ਹੈ ਗੁਰੂ ਸਾਹਿਬ ਨੇ। ਗੁਰਬਾਣੀ ਵਿਚ ਹੋਰ ਬੜਾ ਸੌਖਾ ਜਿਹਾ ਫਾਰਮੂਲਾ ਦਸਿਆ ਹੈ ਦੁਖ ਮਿਟਾਣ ਦਾ। ਜਿਹੜਾ ਮਰਜ਼ੀ ਅਜ਼ਮਾਕੇ ਵੇਖ ਲਵੇ ਕਿ ਦੂਸਰੇ ਦ ਬੁਰਾ ਨਹੀਂ ਚਿਤਵਨਾ ਤੇ ਸਰਬਤ ਦਾ ਭਲਾ ਮੰਗਣਾ ਹੈ।

ਸਾਡਾ ਜੀਅ ਕਰਦਾ ਹੈ ਕਿ ਸਾਡੀ ਪ੍ਰਸੰਸਾ ਹੋਵੇ, ਲੋਕ ਸਾਡੀ ਵਡਿਆਈ ਕਰਨ, ਅਸੀਂ ਸੰਸਾਰ ਵਿਚ ਸਭ ਤੋਂ ਉਚੇ ਮੰਨੇ ਜਾਈਏ। ਇਸ ਦਾ ਬੜਾ ਸੌਖਾ ਤਰੀਕਾ ਗੁਰੂ ਜੀ ਨੇ ਦੱਸਿਆ ਹੈ :

ਆਪਸ ਕਉ ਜੋ ਜਾਣੈ ਨੀਚਾ
ਸੋਊ ਗਨੀਐ ਸਬ ਤੇ ਊਚਾ ॥

(ਗਉੜੀ ਮਹਲਾ ੧)

ਸਭ ਦਾ ਜੀਅ ਕਰਦਾ ਹੈ ਸਾਡਾ ਸਰੀਰ ਸਵਸਥ ਰਹੇ ਅਸੀਂ ਅਰੋਗ ਜੀਵਨ ਬਤੀਤ ਕਰੀਏ। ਗੁਰੂ ਜੀ ਫੁਰਮਾਉਂਦੇ ਹਨ—ਕਾਮ ਤੇ ਕ੍ਰੋਧ ਤੋਂ ਬਚੋ, ਇਹ ਸਰੀਰ ਨੂੰ ਗਾਲਦਾ ਹੈ, ਨਾਲ ਸੋਨੇ ਦੀ ਮਿਸਾਲ ਦਿਤੀ ਹੈ :

ਕਾਮ ਕ੍ਰੋਧ ਕਾਇਆ ਕਉ ਗਾਲੈ
ਜਿਉ ਕੰਚਨ ਸੋਹਾਗਾ ਢਾਲੈ ॥

(ਰਾਮਕਲੀ ਮ: ੧)

ਗੁਰੂ ਸਾਹਿਬ ਨੇ ਸਾਰੀ ਗੁਰਬਾਣੀ ਵਿਚ ਕਿਤੇ ਵੀ ਐਸਾ ਹੁਕਮ ਨਹੀਂ ਕੀਤਾ ਕਿ ਇਹ ਫਾਰਮੂਲੇ ਕਿਸੇ ਵਿਅਕਤੀ ਵਿਸ਼ੇਸ਼ ਵਾਸਤੇ ਹਨ ਜਾਂ ਇਹ ਕਿਸੇ ਖਾਸ ਧਰਮ ਦੇ ਧਾਰਨੀ ਨੂੰ ਹੀ ਲਾਭ ਪਹੁੰਚਾਉਣਗੇ ਜਾਂ ਇਕ ਵਰਗ ਵਾਸਤੇ ਗੁਣਕਾਰੀ ਹਨ। ਸਾਰੀ ਦੀ ਸਾਰੀ ਗੁਰਬਾਣੀ ਸਰਬ ਸਾਂਝੀ ਹੈ ਜਿਹੜਾ ਮਰਜ਼ੀ ਆਪਣਾ ਗੜਵਾ ਭਰੇ ਅਤੇ ਪਿਆਸ ਬੁਝਾ ਲਵੇ। ਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੀ ਗੱਲ ਕੀਤੀ ਹੈ ਥਾਏਂ ਪਰ ਥਾਏਂ। ਜਦੋਂ ਸਰਬਤ ਦੇ ਭਲੇ ਦੀ ਗੱਲ ਗੁਰੂ ਸਾਹਿਬ ਕਰਦੇ ਹਨ ਤਾਂ ਇਹ ਸਿਰਫ ਇਸਤਰੀ ਪੁਰਸ਼ਾਂ ਵਾਸਤੇ ਨਹੀਂ ਹੈ ਸਗੋਂ ਸਰਬਤ ਪ੍ਰਾਣੀ ਮਾਤਰ ਜੀਵ ਜੰਤੂਆਂ ਲਈ ਹੈ ਜਿਸ ਨੂੰ ਅਕਾਲ ਪੁਰਖ ਨੇ ਇਸ ਸ੍ਰਿਸ਼ਟੀ ਵਿਚ ਬਣਾਇਆ ਹੈ।

ਇਹ ਗਿਆਨ ਵੀ ਤਾਂ ਹੀ ਆ ਸਕਿਆ ਜਦ ਗੁਰਬਾਣੀ ਅਨੁਸਾਰ ਧਰਮ ਦੇ ਅਰਥਾਂ ਦੀ ਸੋਝੀ ਆਈ ਅਤੇ ਹਿਰਦੇ ਵਿਚ ਸਰਬਤ ਦੇ ਭਲੇ ਦੀ ਭਾਵਨਾ ਨੇ ਘਰ ਕਰ ਲਿਆ।

ਸਭ ਨੂੰ ਮਿੱਤਰ ਮੰਨਣ ਵਾਲਾ, ਸਰਬਤ ਦਾ ਭਲਾ ਮੰਗਣ ਵਾਲਾ ਧਰਮ, ਜਦ ਖੰਭ ਲਾ ਕੇ ਉਡ ਗਿਆ, ਜਦ ਫੇਰ 'ਧਰਮ ਦੀ ਧੁਜਾ ਕਉ ਜਗਤ ਮੇਂ ਝੂਲ ਰਨ ਦੀ ਲੋੜ ਪਈ'। ਜਦ ਸਾਰੇ ਪੰਥਾਂ ਵਾਲੇ ਆਪਣੇ ਘਰ ਨੂੰ ਚੰਗਾ ਜਾਨਣ ਲਗੇ ਅਤੇ ਪਾਰਬ੍ਰਹਮ ਕਾਹੂ ਨਾ ਪਛਾਨਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਕਾਲ ਪੁਰਖ ਨੇ ਇਹ ਕਹਿਕੇ ਭੇਜਿਆ :

ਜਾਹਿ ਤਹਾਂ ਤੇ ਧਰਮੁ ਚਲਾਇ।
ਕਬੁਧ ਕਰਨ ਤੇ ਲੋਕ ਹਟਾਇ।

(ਬਚਿਤ੍ਰ ਨਾਟਕ)

ਤਾਂ ਫੇਰ ਅਕਾਲ ਪੁਰਖ ਦਾ ਸਿਮਰਨ, ਦੁਸ਼ਟ ਦੋਖੀਅਨ ਨੂੰ ਪਛਾੜਨ ਅਤੇ ਸਰਬਤ ਦੇ ਭਲੇ ਦਾ ਡੰਕਾ ਵੱਜਿਆ।

(⁀⁀)


ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕੁਆਲਿਟੀ ਦੀ
ਹਰ ਕਿਸਮ ਦੀ ਲੱਕੜ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**

ਟਿੰਬਰ ਮਰਚੈਂਟਸ

**ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ**

**Dalip Singh Puran Singh Saggu**
TIMBER MERCHANTS
Old Railway Road, JALANDHAR CITY
Phone : 58795





Sri Satguru Jagjit Singh Ji eLibrary NamdhariElibrary@gmail.com

# ਸੰਪੂਰਨ ਸੰਗੀਤ ਦਾ ਮੂਰਤ ਰੂਪ

**—ਜਗਦੀਸ਼ ਸਿੰਘ**

ਸੰਗੀਤ ਦੀ ਦੁਨੀਆਂ ਵਿਚੋਂ ਇਕ ਨਜ਼ਾਰਿਆਂ ਚੋਂ ਨਜ਼ਾਰਾ ਸ੍ਰੀ ਭੈਣੀ ਸਾਹਿਬ ਵਿਚ ਵੀਰਵਾਰ ੧੯ ਅਕਤੂਬਰ ੧੯੯੫ ਦੀ ਸ਼ਾਮ ਨੂੰ ਵੇਖਿਆ । ਬਹੁਤ ਸਾਰੇ ਸੰਗੀਤ ਆਯੋਜਨ ਵੇਖੇ ਸੁਣੇ ਹਨ, ਬਹੁਤ ਸਾਰੇ ਸ੍ਰੇਸ਼ਟ ਕਲਾਕਾਰਾਂ ਦੀ ਸੰਗਤ ਮਾਣੀ ਹੈ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪ ਗਾਉਂਦਿਆਂ, ਸਾਜ਼ ਵਜਾਉਂਦਿਆਂ ਅਤੇ ਸੰਗੀਤ ਸਿਖਾਉਂਦਿਆਂ ਵੀ ਵੇਖਿਆ ਹੈ ਪਰ ਇਸ ਸ਼ਾਮ ਦੀ ਬਾਤ ਹੀ ਨਿਆਰੀ ਹੈ । ਸ਼ਾਮ ਦਾ ਸਮਾਂ ਬਦਲ ਰਿਹਾ ਮੌਸਮ, ਨਾ ਗਰਮ ਨਾ ਠੰਡਾ । ਨਵੇਂ ਤਿਆਰ ਹੋਏ ਹਰੀਮੰਦਰ ਦੇ ਲਿਸ਼ ਲਿਸ਼ ਕਰਦੇ ਫਰਸ਼ ਤੇ ਚੌਰਸ ਖਾਲੀ ਥਾਂ ਛੱਡ ਕੇ ਆਲੇ ਦੁਆਲੇ ਸੰਗਤਾਂ ਬੈਠੀਆਂ ਹਨ । ਸਤਿਗੁਰੂ ਜਗਜੀਤ ਸਿੰਘ ਜੀ ਦੇ ਆਸਨ ਦੇ ਸਜੇ ਹੱਥ ਭਾਰਤ ਦੇਸ਼ ਦੇ ਵਖਿਆਤ ਕਲਾਕਾਰ ੭੬ ਸਾਲਾਂ ਦੇ ਉਸਤਾਦ ਅੱਲਾ ਰੱਖਾ ਖਾਂ ਸਾਹਿਬ ਬੈਠੇ ਹਨ ਜਿਨ੍ਹਾਂ ਦਾ ਆਪਣਾ ਅਤੇ ਉਹਨਾਂ ਦੇ ਹੋਣਹਾਰ ਸਪੁੱਤਰ ਜ਼ਾਕਰ ਹੁਸੈਨ ਦਾ ਨਾਮ ਦਿਲਾਂ ਦੀ ਧੜਕਣ ਵਧਾ ਦਿੰਦਾ ਹੈ । ਉਸਤਾਦ ਅੱਲਾ ਰੱਖਾ ਸਾਹਿਬ ਦਾ ਤਬਲਾ ਜਨ ਸਾਧਾਰਨ ਤਕ ਨੂੰ ਕੀਲ ਰਖਦਾ ਹੈ । ਖਾਂ ਸਾਹਿਬ ਦੇ ਸ਼ਾਗਿਰਦਾਂ ਵਿਚੋਂ ਇਕ ਬਹੁਤ ਪ੍ਰਭਾਵੀ ਕਲਾਕਾਰ ਯੋਗੇਸ਼ ਵੀ ਬੈਠਾ ਹੈ ।

ਸਤਿਗੁਰੂ ਜੀ ਦੇ ਆਸਨ ਦੇ ਖੱਬੇ ਪਾਸੇ ਵਰਤਮਾਨ ਸੰਗੀਤ ਜਗਤ ਦੀਆਂ ਸਰਬ ਪਰਵਾਨਤ ਹਸਤੀਆਂ ਪੰਡਿਤ ਰਾਜਨ ਤੇ ਸਾਜਨ ਮਿਸ਼ਰਾ ਸਸ਼ੋਭਤ ਹਨ । ਇਹਨਾਂ ਦੇ ਨਾਲ ਹੀ ਸ਼ਾਸਤ੍ਰੀ ਨ੍ਰਿਤ ਦੀ ਦੁਨੀਆਂ ਦੀ ਸਿਰਮੌਰ ਵਿਭੂਤੀ ਪੰਡਿਤ ਬਿਰਜੂ ਮਹਾਰਾਜ ਕੱਥਕ ਢੋਲਕ ਲੈ ਕੇ ਬੈਠੇ ਹਨ। ਪੰਡਿਤ ਬਿਰਜੂ ਮਹਾਰਾਜ ਦੇ ਨ੍ਰਿਤਕ ਸਪੁਤਰ ਪੰਡਿਤ ਜੈ ਕਿਸ਼ਨ ਮਹਾਰਾਜ ਹਨ । ਸੰਗੀਤ ਤਿੰਨ ਹੀ ਕਲਾਵਾਂ ਨਾਲ ਬਣਦਾ ਹੈ । ਗਾਇਣ ਵਾਦਨ ਅਤੇ ਨ੍ਰਿਤ । ਇਹਨਾਂ ਤਿੰਨਾਂ ਹੀ ਕਲਾਵਾਂ ਦੇ ਚੋਟੀ ਦੇ ਪ੍ਰਤੀਨਿਧ ਬੈਠੇ ਹਨ । ਗਾ ਰਹੇ ਹਨ ਖੁਦ ਸਤਿਗੁਰੂ ਜਗਜੀਤ ਸਿੰਘ ਜੀ । ਕਈ ਪ੍ਰਕਾਰ ਦੇ ਸੁਰਮੇਲਾਂ, ਤਾਲ ਰਚਨਾਵਾਂ ਅਤੇ ਲੈਅਕਾਰੀਆਂ ਦ੍ਰਿਸ਼ਟਮਾਨ ਕਰਦੀਆਂ ਪੁਰਾਣੇ ਤੇ ਨਵੀਨ ਸਮਿਆਂ ਦੀਆਂ ਅਨੇਕਾਂ ਸੰਗੀਤ ਬੰਦਸ਼ਾਂ ਦਾ ਝਰਨਾ ਫੁਟਿਆ ਹੋਇਆ ਹੈ । ਸੰਗੀਤ ਅਭਿਆਸੀ ਇਸ ਸੁਰ ਗੰਗਾ ਵਿਚ ਤਾਰੀਆਂ ਲਾ ਰਹੇ ਹਨ । ਸਤਿਗੁਰੂ ਜੀ ਦੇ ਨਾਲ ਨਾਲ ਹੀ ਗਾ ਰਹੇ ਹਨ ਰਾਜਨ ਸਾਜਨ ਮਿਸ਼ਰਾ, ਬੁਨਿਆਦੀ ਗਲ ਸਤਿਗੁਰੂ ਜੀ ਕਰਦੇ ਹਨ, ਮਿਸ਼ਰਾ ਭਰਾ ਉਹਨਾਂ ਵਿਚ ਤਾਨਾਂ ਭਰ ਭਰ ਕੇ ਵਿਸਥਾਰ ਕਰਦੇ ਹਨ । ਬਿਰਜੂ ਮਹਾਰਾਜ ਢੋਲਕ ਨਾਲ ਸਾਥ ਦੇ ਰਹੇ ਹਨ । ਇਕ ਸਾਧਾਰਨ ਢੋਲਕ ਬਿਰਜੂ ਜੀ ਦੇ ਹਥਾਂ ਵਿਚ ਆ ਕੇ ਖੁਦ ਕਲਾ ਕ੍ਰਿਤੀ ਬਣੀ ਹੋਈ ਹੈ । ਤਬਲੇ ਤੇ ਸ੍ਰੀ ਭੈਣੀ ਸਾਹਿਬ ਦੇ ਸੁਖਦੇਵ ਸਿੰਘ ਹਨ, ਜੋ ਪਖਾਵਜ ਦੇ ਪੁਰਾਣੇ ਅਤੇ ਨਵੀਨ ਬੋਲ ਵਜਾ ਰਹੇ ਹਨ ਬਾਕੀ ਸਾਜ਼ਾਂ ਤੇ ਉਸਤਾਦ ਹਰਭਜਨ ਸਿੰਘ, ਸੁਰਜੀਤ ਸਿੰਘ, ਮੋਹਨ ਸਿੰਘ, ਸੁਖਦੇਵ ਸਿੰਘ ਆਦਿ ਆਦਿ ਹਨ । ਸੰਗੀਤ ਪ੍ਰਤਿਨਿਧਾਂ ਦੀ ਮੌਜੂਦਗੀ ਵਿਚ ਸੰਪੂਰਨ ਸੰਗੀਤ ਦਾ ਮੂਰਤ ਰੂਪ ਸਤਿਗੁਰੂ ਜਗਜੀਤ ਸਿੰਘ ਜੀ ਹਨ । ਤਲਿਸਮ ਪੂਰਾ ਹੈ, ਸਮੁਚੀ ਕਾਇਨਾਤ ਇਸ ਦੈਵੀ ਸੰਗੀਤ ਦੇ ਰੰਗ ਵਿਚ ਭਿਜੀ ਪਈ ਹੈ ।

ਸਤਿਗੁਰੂ ਜੀ ਵਲੋਂ ਰਾਗ ਮਾਲਕੌਂਸ ਦੀਆਂ ਸੁਰਾਂ ਵਿਚ ਬਣਾਈ ਗਈ ਇਕ ਬੰਦਿਸ਼ ਗੁਰੂ ਅਰਜਨ ਦੇਵ ਜੀ ਦੀ ਅਮਰ ਰਚਨਾ "ਨਾਨਕ ਬਿਜੁਲੀਆਂ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ..." ਮਿਸ਼ਰਾ ਬੰਧੂ ਅਗੇ ਵੀ ਗਾਉਂਦੇ ਹਨ, ਪਰ ਅਜ ਸਤਿਗੁਰੂ ਜੀ ਦੇ ਆਪਣੇ ਸਾਥ ਨਾਲ ਹੋਰ ਵੀ ਚਲੂਲਾ ਰੰਗ ਚਾੜ੍ਹ ਰਹੀ ਹੈ । ਮਹਾਨ ਕਲਾਕਾਰ ਵਿਸਮਾਦੀ ਅਵਸਥਾ ਵਿਚ ਹਨ ਜਦੋਂ ਸਤਿਗੁਰੂ ਜੀ ਨੇ ਇਕ ਹੋਰ ਬੰਦਿਸ਼ ਮਾਲਕੌਂਸ ਵਿਚ ਹੀ ਗਾਈ "ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾ ।" ਉਸਤਾਦ ਅੱਲਾ ਰੱਖਾ ਆਖ ਰਹੇ ਹਨ ਮੈਨੂੰ ਵੀ ਆਪਣਾ ਬਚਪਣ ਯਾਦ ਆ ਗਿਆ ਹੈ । ਇਸੇ ਮੰਦਰ ਵਿਚ ਹੀ ਮੇਰੇ ਗੁਰੂ ਮੀਆਂ ਕਾਦਰ ਬਖਸ਼ ਵੀ ਆਏ ਸਨ ।

ਇਸ ਤੋਂ ਪਹਿਲਾਂ ਬਿਰਜੂ ਮਹਾਰਾਜ ਅਤੇ ਉਹਨਾਂ ਦੇ ਸਪੁਤਰ ਸ੍ਰੀ ਜੈ ਕਿਸ਼ਨ ਮਹਾਰਾਜ ਦਾ ਨ੍ਰਿਤ ਹੋਇਆ । ਵਿਸ਼ੇਸ਼ ਗੱਲ ਇਹ ਸੀ ਕਿ ਭਾਵੇਂ ਬਿਰਜੂ ਮਹਾਰਾਜ ਥੋੜ੍ਹੇ ਸਮੇਂ ਲਈ ਹੀ ਨੱਚੇ ਅਤੇ ਬਗੈਰ ਘੁੰਗਰੂਆਂ ਦੇ ਵੀ, ਪਰ ਉਹਨਾਂ ਦੀ ਕਮਾਲ ਦੀ ਪੇਸ਼ਕਾਰੀ ਮਨਾਂ 'ਚ ਉਤਰ ਗਈ । ਉਹਨਾਂ ਦੇ ਨਾਚ ਨੇ ਰਾਜਨ ਹੋਰਾਂ ਦੀ ਗੱਲ ਦੀ ਪੁਸ਼ਟੀ ਕੀਤੀ ਕਿ "ਬਿਰਜੂ ਮਹਾਰਾਜ ਕੇ ਡਾਂਸ ਮੇਂ ਟੋਟਲ ਮਿਊਜ਼ਿਕ ਹੈ ।" ਇਨ੍ਹਾਂ ਨਾਲ ਤਬਲਾ ਸ੍ਰੀ ਗੋਪਾਲ ਮਿਸ਼ਰ ਨੇ ਬਹੁਤ ਸਮਝਦਾਰੀ ਨਾਲ ਵਜਾਇਆ । ਸਭਾ ਵਿਚ ਰਾਜੇਂਦਰ ਗੰਗਾਨੀ ਅਤੇ ਹਰੀਸ਼ ਗੰਗਾਨੀ ਕੱਥਕ ਵੀ ਹਾਜ਼ਰ ਸਨ ।

ਸਭਾ ਦੇ ਸ਼ੁਰੂ ਵਿਚ ਨਾਮਧਾਰੀ ਕਲਾਕਾਰਾਂ ਉਸਤਾਦ



Sri Satguru Jagjit Singh Ji eLibrary NamdhariElibrary@gmail.com

ਹਰਭਜਨ ਸਿੰਘ, ਮੋਹਨ ਸਿੰਘ, ਸੁਖਦੇਵ ਸਿੰਘ, ਹਰਬੰਸ ਸਿੰਘ ਘੁਲਾ, ਸੁਰਜੀਤ ਸਿੰਘ, ਬਲਵੰਤ ਸਿੰਘ ਆਦਿ ਨੇ ਕੁਝ ਸਤਿਗੁਰੂ ਜੀ ਦੀਆਂ ਤਿਆਰ ਬੰਦਸ਼ਾਂ ਸੁਣਾਈਆਂ। ਬਿਰਜੂ ਮਹਾਰਾਜ ਦੇ ਢੋਲਕ ਵਾਦਨ ਪ੍ਰਤੀ ਪ੍ਰੇਮ ਨੂੰ ਵੇਖ ਕੇ ਸਤਿਗੁਰੂ ਜੀ ਦੀ ਆਗਿਆ ਤੇ ਪ੍ਰਸਿਧ ਨਾਮਧਾਰੀ ਕਲਾਕਾਰ ਸੰਤ ਖਜ਼ਾਨ ਸਿੰਘ ਜੀ ਨੇ ਢੋਲਕ ਤੇ ਤਾਲ ਬਦਲ ਬਦਲ ਕੇ ਲਗੀਆਂ ਸੁਣਾਈਆਂ। ਹਥਾਂ ਨਾਲ ਹੀ ਘੁੰਗਰੂਆਂ ਦੇ ਪ੍ਰਭਾਵ ਨੇ ਮਹਿਮਾਨ ਕਲਾਕਾਰਾਂ ਨੂੰ ਬਹੁਤ ਪ੍ਰਭਾਵਤ ਕੀਤਾ।

੨੦ ਅਕਤੂਬਰ ਨੂੰ ਸਵੇਰੇ ਆਸਾ ਦੀ ਵਾਰ ੬ ਕੁ ਵਜੇ ਹੀ ਸਮਾਪਤ ਹੋ ਗਈ। ਇਸ ਵਿਚ ਵੀ ਕੁਝ ਸੰਗੀਤਕਾਰ ਪੁਜੇ। ਪੰਜਾਬ ਦੇ ਪ੍ਰਸਿਧ ਸੰਗੀਤਕਾਰ ਅਤੇ ਉਸਤਾਦ ਸ੍ਰੀ ਲਛਮਣ ਸਿੰਘ ਸੀਨ ਅਤੇ ਡਾ: ਜੁਗਿੰਦਰ ਬਾਵਰਾ ਜਲੰਧਰ ਤੋਂ ਗਏ ਸਨ। ਆਸਾ ਦੀ ਵਾਰ ਵਿਚ ਵੀ ਰਾਗ ਸੂਹੀ, ਅਲਹੀਆ ਬਿਲਾਵਲ, ਦੇਸ, ਭੈਰਵ ਅਤੇ ਹੋਰ ਰਾਗਾਂ ਦੀਆਂ ਬੰਦਸ਼ਾਂ ਅਤੇ ਪੰਚਮ ਸਵਾਰੀ ਤਾਲ ਵਿਚ ਤਬਲਾ ਸੁਣ ਕੇ ਉਹ ਬਹੁਤ ਪ੍ਰਭਾਵਤ ਹੋਏ।

ਸਵੇਰੇ ਗਿਆਰਾਂ ਵਜੇ ਸੰਗੀਤ ਸਭਾ ਮੁੜ ਇਕੱਤ੍ਰਿਤ ਹੋਈ। ਇਸ ਵਿਚ ਸਮੂਹ ਸੰਗੀਤਕਾਰ ਹਾਜ਼ਰ ਸਨ। ਸ੍ਰੀ ਲਛਮਣ ਸਿੰਘ ਸੀਨ ਨੇ ਸਤਿਗੁਰੂ ਜੀ ਨੂੰ ਪੁਛਿਆ ਕਿ—ਪਿਛਲੀ ਵਾਰ ਮੈਂ ਆਇਆ ਸੀ ਤਾਂ ਸ਼ੁਧ ਮਲਾਰ ਬਾਰੇ ਪੁਛ ਰਹੇ ਸੀ, ਕੀ ਉਹ ਲੱਭ ਪਿਆ ? ਸਤਿਗੁਰੂ ਜੀ ਨੇ ਬਾਲ ਕਲਾਕਾਰਾਂ ਨੂੰ ਮੰਚ ਤੇ ਬਿਠਾ ਦਿਤਾ। ਉਨ੍ਹਾਂ ਸ਼ੁਧ ਮਲ੍ਹਾਰ ਸਮੇਤ ਕਈ ਪ੍ਰਕਾਰ ਦੇ ਮਲ੍ਹਾਰ ਗਾ ਕੇ ਸੁਣਾ ਦਿਤੇ। ਅੱਜ ਮੁਖ ਤੌਰ ਤੇ ਰਾਜਨ ਮਿਸ਼ਰਾ ਜੀ ਦਾ ਗਾਣਾ ਹੋਣਾ ਸੀ। ਮਲਾਰ ਚਲਦਾ ਵੇਖ ਕੇ ਉਹਨਾਂ ਰਾਮਦਾਸੀ ਮਲਾਰ ਵਿਚ ਆਲਾਪ ਸ਼ੁਰੂ ਕੀਤਾ। ਭਰਪੂਰ ਅਨੰਦ ਆਇਆ। ਮਲਾਰ ਬਾਦ ਉਹਨਾਂ ਟੋਡੀ ਰਾਗ ਸ਼ੁਰੂ ਕੀਤਾ। ਅੱਧ ਵਿਚ ਜਾ ਕੇ ਕਹਿਣ ਲੱਗੇ—ਅੱਜ ਦਾ ਪ੍ਰੋਗਰਾਮ ਤਾਂ ਤਾਲੀਮ ਲੈਣ ਦਾ ਸੀ ਕਿ ਮੈਂ ਕੁਝ ਸੀਖੂੰਗਾ ਆਪ ਭੀ ਕ੍ਰਿਪਾ ਕੀਜੀਏ। ਹੁਣ ਸਤਿਗੁਰੂ ਜੀ ਵੀ ਟੋਡੀ ਵਿਚ ਗਾਇਨ ਕਰਨ ਲਗੇ। ਨਾਲ ਹੀ ਰਾਜਨ ਜੀ ਸਨ (ਸਾਜਨ ਵਾਪਸ ਚਲੇ ਗਏ ਸਨ)। ਉਸਤਾਦ ਉਧੋ ਖ਼ਾਂ ਦੁਆਰਾ ਸਿਖਾਈ ਤਲਵੰਡੀ ਘਰਾਣੇ ਦੀ ਬੰਦਸ਼ "ਕਰਮ ਕਰ ਜਬ ਸਭ ਬਨ ਆਏ। ਮੇਰੋ ਕਹਾ ਕਛੂ ਹੋਤ ਨਾਹੀ ਜੋ ਲਿਖਿਆ ਲਿਲਾਟ ਸੋ ਮੈਂ ਬਾਛੂੰ ........" ਜਦੋਂ ਸ਼ੁਰੂ ਕੀਤੀ ਤਾਂ ਫ਼ਜ਼ਾ ਹੀ ਬਦਲ ਗਈ। ਹੁਣ ਵਖ ਵਖ ਰਾਗਾਂ ਵਿਚ ਅਤੇ ਤਾਲਾਂ ਵਿਚ ਬੰਦਸ਼ਾਂ ਦਾ ਉਚਾਰਨ ਹੋਇਆ। ਗਿਆਰਾਂ ਮਾਤਰਾ, ਦਸ ਮਾਤਰਾ, ਬਾਰਾਂ-ਚੌਦਾਂ-ਸੋਲਾਂ ਮਾਤਰਾ ਦੀਆਂ ਬੰਦਸ਼ਾਂ ਨਾਲ ਨਾਲ ਗਾ ਰਹੇ ਸਨ ਅਤੇ ਹੋਰ ਸੰਗੀਤਾਰਥੀ ਵੀ ਗਾ ਰਹੇ ਸਨ। ਬਹੁਤ ਅਦਭੁਤ ਸਮਾਂ ਬਣਿਆ।

ਸ਼ਾਮ ਪੰਜ ਵਜੇ ਇਕ ਹੋਰ ਵਿਸ਼ੇਸ਼ ਸਭਾ ਸੀ। ਇਸ ਵੇਲੇ ਮੀਂਹ ਠੱਕਾ ਬਿਜਲੀ ਦੀ ਗੜਗੜਾਹਟ ਸਭ ਕੁਝ ਸੀ, ਪਰ ਅੰਤ ਸ਼ਾਂਤੀ ਹੋ ਗਈ। ਅੱਜ ਪ੍ਰੋਗਰਾਮ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਮੰਦਿਰ ਵਿਚ ਸੀ। ਵਿਚੋਂ ਬਹੁਤ ਚੌਰਸ ਥਾਂ ਖਾਲੀ ਰੱਖ ਕੇ ਚਾਰੇ ਪਾਸੇ ਸੰਗਤ ਬੈਠੀ ਸੀ। ਅੱਜ ਰਾਜੇਂਦਰ ਗੰਗਾਨੀ ਦਾ ਨ੍ਰਿਤ ਹੋਇਆ। ਰਾਜੇਂਦਰ ਦੀ ਇਹ ਸਿਫਤ ਹੈ ਕਿ ਉਹਨਾਂ ਦੇ ਨਾਚ ਸਮੇਂ ਬਹੁਤ ਸੁਖਾਵਾਂ ਪ੍ਰਭਾਵ ਪੈਂਦਾ ਹੈ। ਉਹਨਾਂ ਦੇ ਚਿਹਰੇ ਤੇ ਇਕ ਮੁਸਕਾਨ ਸਦਾ ਬਿਖਰੀ ਰਹਿੰਦੀ ਹੈ ਅਤੇ ਉਹ ਨ੍ਰਿਤ ਬਹੁਤ ਸਹਿਜਤਾ ਅਤੇ ਵਿਸ਼ਵਾਸ ਨਾਲ ਕਰਦੇ ਹਨ। ਤਬਲੇ ਤੇ ਸੰਗਤ ਉਹਨਾਂ ਦੇ ਹੀ ਭਰਾ ਸ੍ਰੀ ਫਤਹਿ ਸਿੰਘ ਗੰਗਾਨੀ ਕਰ ਰਹੇ ਸਨ ਅਤੇ ਬੋਲਾਂ ਤੇ ਹਰੀਸ਼ ਗੰਗਾਨੀ। ਸੁਰਜੀਤ ਸਿੰਘ ਸਾਰੰਗੀ ਅਤੇ ਸੁਖਦੇਵ ਸਿੰਘ ਹਾਰਮੋਨੀਅਮ ਤੇ ਨਗਮਾ ਦੇ ਰਹੇ ਸਨ। ਰਾਜੇਂਦਰ ਹੋਰਾਂ ਦੇ ਨ੍ਰਿਤ ਵਾਸਤੇ ਬਹੁਤ ਖੁਲ੍ਹਾ ਮੁਲਾਇਮ ਫ਼ਰਸ਼ ਸੀ, ਇਸ ਵਾਸਤੇ ਉਹ ਖੁਲ੍ਹ ਕੇ ਨੱਚੇ। ਉਪਰੋਂ ਵਿਸ਼ੇਸ਼ ਰੌਸ਼ਨੀਆਂ ਦਾ ਪ੍ਰਬੰਧ ਅਤੇ ਗੂੰਜ ਰਹਿਤ ਵੱਡਾ ਹਾਲ ਸਭ ਕੁਝ ਹੀ ਵਧੀਆ ਅਤੇ ਸਾਤਵਿਕ ਸੰਗੀਤ ਨੂੰ ਹੁਲਾਰਾ ਦੇਣ ਵਾਲਾ ਸੀ। ਰਾਜੇਂਦਰ ਹੋਰਾਂ ਨ੍ਰਿਤ ਦੇ ਵਖ ਵਖ ਪਹਿਲੂਆਂ ਨੂੰ ਬਹੁਤ ਖੂਬੀ ਨਾਲ ਪੇਸ਼ ਕੀਤਾ। ਕਈ ਪ੍ਰਕਾਰ ਦੀਆਂ ਪਰਨਾਂ, ਆਮਦਾਂ, ਚੱਕਰਦਾਰ ਬੰਦਸ਼ਾਂ, ਤਿਹਾਈਆ ਨੂੰ ਉਹਨਾਂ ਪੈਰਾਂ ਰਾਹੀਂ ਪੇਸ਼ ਕੀਤਾ। ਨਗਮਾ ਤਿੰਨ ਤਾਲ ਵਿਚ ਅਤੇ ਤਿਹਾਈ ਝੱਪ ਤਾਲ ਦੀ ਐਸੀਆਂ ਜੁਗਤਾਂ ਵੀ ਦਰਸਾਈਆਂ। ਚਲਦੇ ਪ੍ਰੋਗਰਾਮ ਵਿਚ ਹੀ ਉਸਤਾਦ ਅੱਲਾ ਰੱਖਾ ਖ਼ਾਂ ਸਾਹਿਬ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਆਸਣ ਦੇ ਖੱਬੇ ਪਾਸੇ ਆ ਕੇ ਸੁਸ਼ੋਭਤ ਹੋ ਗਏ। ਪੰਡਤ ਰਾਜਨ ਮਿਸ਼ਰਾ ਜੀ, ਪ੍ਰੋ: ਲਛਮਨ ਸਿੰਘ ਸੀਨ, ਪ੍ਰੋ: ਵਰਿੰਦਰ ਕੁਮਾਰ, ਡਾ: ਜੁਗਿੰਦਰ ਬਾਵਰਾ, ਪੰਡਿਤ ਰਮਾਂ ਕਾਂਤ, ਸ੍ਰੀ ਯੋਗੇਸ਼ ਸਾਮਸੀ, ਹਜ਼ੂਰੀ ਰਾਗੀ ਸੰਤ ਖਜ਼ਾਨ ਸਿੰਘ, ਉਸਤਾਦ ਹਰਭਜਨ ਸਿੰਘ, ਸ. ਗੁਰਦਿਆਲ ਸਿੰਘ ਸਿਤਾਰਾਂ ਵਾਲੇ ਅਤੇ ਹੋਰ ਸੰਗੀਤ ਵਿਦਿਆਰਥੀ, ਸੰਗੀਤ ਪ੍ਰੇਮੀ ਇਥੇ ਹਾਜ਼ਰ ਸਨ। ਕੁਲ ਸਭਾ ਗੁਣੀ ਜਨਾਂ ਦੀ ਹੀ ਸੀ। ਇਸ ਸਮੇਂ



Sri Satguru Jagjit Singh Ji eLibrary NamdhariElibrary@gmail.com

ਰਾਜਿੰਦਰ ਗੰਗਾਨੀ ਜੀ ਨੇ ਇਕ ਪਰਨ ਪੇਸ਼ ਕੀਤੀ ਜਿਸ ਦਾ ਨਾਮ ਸੀ ਗਜ ਪਰਨ, ਹਾਥੀ ਦੀ ਚਾਲ ਵਾਂਗ ਇਹ ਬੰਦਿਸ਼ ਸੀ। ਤਬਲੇ ਤੇ ਭਾਰੇ ਸਰੀਰ ਵਾਲੇ ਫਤਹਿ ਸਿੰਘ ਜੀ ਸਨ ਜੋ ਜ਼ੋਰਦਾਰ ਤਬਲਾ ਵਾਦਨ ਕਰ ਰਹੇ ਸਨ। ਕਰਨਾ ਰੱਬ ਦਾ ਇਸ ਸਮੇਂ ਉਹਨਾਂ ਡੁੱਗੀ ਤੇ ਹੱਥ ਮਾਰਿਆ ਕਿ ਡੁੱਗੀ ਦਾ ਪਰਦਾ ਫੱਟ ਗਿਆ। ਸਤਿਗੁਰੂ ਜੀ ਨੇ ਟਿਪਣੀ ਕੀਤੀ 'ਗਜ (ਹਾਥੀ) ਕਾ ਵਜ਼ਨ ਜ਼ਿਆਦਾ ਹੈ। ਫਤਹਿ ਸਿੰਘ ਦਾ ਉਤਰ ਸੀ ਤਬਲੇ ਕੇ ਗਜ (ਉ-ਅੱਲਾ ਰੱਖਾ) ਜੋ ਬੈਠੇ ਹੈਂ।...... ਡੁੱਗੀ ਬਦਲ ਕੇ ਫੇਰ ਨ੍ਰਿਤ ਸ਼ੁਰੂ ਹੋਇਆ। ਪ੍ਰਸਿਧ ਤਬਲਾ ਪਖਾਵਜ ਵਾਦਕ ਕਦਊ ਸਿੰਘ ਦੀ ਇਕ ਪਰਨ ਨੂੰ ਪੈਰਾਂ ਦੀ ਥਿਰਕਣ ਰਾਹੀਂ ਪੇਸ਼ ਕੀਤਾ। ਪਖਾਵਜ ਦੀਆਂ ਤਿਹਾਈਆਂ ਅਤੇ ਕੁਝ ਹੋਰ ਪਰਨਾਂ ਦੀ ਪੇਸ਼ਕਾਰੀ ਬਾਦ ਘੁੰਗਰੂਆਂ ਦਾ ਬਹੁਤ ਸੂਖਮ ਕੰਮ ਵਿਖਾਇਆ। ਤਬਲੇ ਦੀ ਆਵਾਜ਼ ਵੀ ਮਧਮ ਤੋਂ ਅਤਿ ਮਧਮ ਅਤੇ ਘੁੰਗਰੂ ਵੀ ਘੱਟ ਤੋਂ ਘੱਟ ਜਿਵੇਂ ਅੰਤ ਤੇ ਇਕ ਘੁੰਗਰੂ ਹੀ ਬਹੁਤ ਧੀਮੀ ਸੁਰ ਵਿਚ ਵਜ ਰਿਹਾ ਹੋਵੇ। ਇਸ ਸਮੇਂ ਕੋਮਲਤਾ ਦਾ ਅੰਦਾਜ਼ ਕੁਝ ਇਵੇਂ ਸੀ ਜਿਵੇਂ ਕੰਨ ਵਿਚ ਸਰਗੋਸ਼ੀ ਕੀਤੀ ਜਾ ਰਹੀ ਹੋਵੇ, ਜਿਵੇਂ ਗਜ਼ਲ ਕਹੀ ਜਾ ਰਹੀ ਹੈ, ਜਿਵੇਂ ਖਾਮੋਸ਼ੀ ਹੀ ਸੰਗੀਤ ਹੋਵੇ। ਰਾਜੇਂਦਰ ਗੰਗਾਨੀ ਦਾ ਨਾਚ ਚਰਮ ਸੀਮਾ ਤੇ ਸਮਾਪਤ ਹੋਇਆ। ਭਰਵੀਂ ਦਾਦ ਗੁਣੀ ਜਨਾਂ ਪਾਸੋਂ ਮਿਲੀ। ਉਹਨਾਂ ਵੀ ਨ੍ਰਿਤ ਕਲਾ ਦੀਆਂ ਸਾਰੀਆਂ ਖੂਬੀਆਂ ਨੂੰ ਉਜਾਗਰ ਕਰ ਦਿਤਾ ਸੀ।

ਹੁਣ ਉਸਤਾਦ ਅੱਲਾ ਰੱਖਾ ਖਾਂ ਸਾਹਿਬ ਦਾ ਤਬਲਾ ਸੀ। ਮਜ਼ੇ ਦੀ ਗਲ ਇਹ ਸੀ ਕਿ ਸਟੇਜ ਤੋਂ ਕੋਈ ਅਨਾਊਂਸਮੇਂਟ ਨਹੀਂ ਸੀ ਹੋ ਰਹੀ ਅਤੇ ਨਾ ਕੋਈ ਸਟੇਜ ਸਕੱਤਰ ਸੀ। ਬਸ ਇਕ ਸਤਿਗੁਰੂ ਜੀ ਦਾ ਇਸ਼ਾਰਾ ਹੀ ਹੁੰਦਾ ਸੀ। ਪਰ ਕਲਾਕਾਰਾਂ ਦਾ ਨਾਮ ਤਾਂ ਦਰਸ਼ਕਾਂ ਦੇ ਦਿਲ ਵਿਚ ਵਸਿਆ ਸੀ। ਜਦੋਂ ਅੱਲਾ ਰਖਾ ਜੀ ਤਬਲਾ ਲੈ ਕੇ ਬੈਠੇ ਤਾਂ ਇਕ ਅਜੀਬ ਜਿਹੀ ਸੁਗੰਧ ਸਮੀਰ ਚਲ ਪਈ। ਉਹਨਾਂ ਦੇ ਨਾਲ ਹੀ ਉਹਨਾਂ ਦੇ ਪਰਮੁਖ ਸ਼ਾਗਿਰਦ ਫੁਲ ਵਰਗੇ ਕੋਮਲ ਲਗਦੇ ਨੌਜਵਾਨ ਯੋਗੇਸ਼ ਸਾਮਸੀ ਤਬਲਾ ਲੈ ਕੇ ਬੈਠ ਗਏ। ਉਸਤਾਦ ਅੱਲਾ ਰੱਖਾ ਖਾਂ ਸਾਹਿਬ ਦਾ ਇਹ ਯਾਦਗਾਰੀ ਤਬਲਾ ਵਾਦਨ ਸੀ। ਗੁਰੂਆਂ ਦੀ ਧਰਤੀ ਤੇ, ਸਤਿਗੁਰੂ ਜੀ ਦੇ ਸਨਮੁਖ ਅਤੇ ਸੰਗੀਤ ਜਾਣਕਾਰਾਂ ਦੀ ਭਰਪੂਰ ਸੰਗਤ ਵਿਚ। ਖਾਂ ਸਾਹਿਬ ਭੈਣੀ ਸਾਹਿਬ ਦੀ ਸੰਗੀਤ ਪ੍ਰੰਪਰਾ ਨੂੰ ਜਾਣਦੇ ਹਨ ਅਤੇ ਅਗੇ ਵੀ ਕਈ ਵਾਰ ਇਸ ਥਾਂ ਤੇ ਆ ਚੁਕੇ ਹਨ। ਉਹ ਸਤਿਗੁਰੂ ਜੀ ਦੀ ਸੁਰ ਤਾਲ ਲੈਅ ਦੀ ਜਾਣਕਾਰੀ ਤੋਂ ਵਾਕਿਫ ਹਨ। ਇਸ ਵਾਸਤੇ ਉਹਨਾਂ ਨੇ ਜੋ ਤਾਲ ਚੁਣਿਆ ਉਹ ਆਮ ਤੌਰ ਤੇ ਤਬਲੇ ਦੀ ਸੋਲੋ ਆਈਟਮ ਵਿਚ ਸੁਨਣ ਨੂੰ ਨਹੀਂ ਮਿਲਦਾ। ਪਰ ਇਥੇ ਤਾਂ ਗਲ ਹੋਰ ਸੀ। ਇਥੇ ਤਾਂ ਸਿਖਰ ਦੀਆਂ ਬਾਤਾਂ ਹੋ ਰਹੀਆਂ ਸਨ। ਉਸਤਾਦ ਜੀ ਨੇ ਤਾਲ ਚੁਣਿਆ ਧਮਾਰ ਪੰਜਾਬੀ। ਚੌਦਾਂ ਮਾਤਰੀ ਤਾਲ ਜਿਹਨੂੰ ਸਮਝਣ ਵਾਲੇ ਸ਼ਾਇਦ ਹੁਣ ਸ੍ਰੀ ਭੈਣੀ ਸਾਹਿਬ ਵਿਚੋਂ ਹੀ ਮਿਲਣਗੇ। ਅਗੋਂ ਦੀ ਗੱਲ ਸ਼ਬਦਾਂ ਦੀ ਸ਼ਕਤੀ ਤੋਂ ਬਾਹਰ ਦੀ ਹੈ। ਇਹ ਉਸਤਾਦ ਅੱਲਾ ਰਖਾ ਦਾ ਹੀ ਕਮਾਲ ਹੈ ਕਿ ਤਬਲੇ ਤੇ ਹੱਥ ਰਖਦਿਆਂ ਹੀ ਵਾਹਵਾ ਲੈ ਜਾਂਦੇ ਹਨ। ਤਬਲੇ ਦੀ ਟੰਨ, ਵਾਦਨ ਦੀ ਸਫਾਈ ਅਤੇ ਬਾਰੀਕੀ ਸਭ ਕੁਝ ਮਨਮੋਹਕ ਸੀ। ਲਗਦਾ ਸੀ ਤਬਲਾ ਗਾ ਰਿਹਾ ਹੈ। ਖਾਂ ਸਾਹਿਬ ਆਰਾਮ ਨਾਲ ਤਬਲਾ ਵਜਾ ਰਹੇ ਸਨ ਪਰ ਉਹਨਾਂ ਦੇ ਸ਼ਾਗਿਰਦ ਰਾਜੇਸ਼ ਮਾਲਵੀਆ ਅਤੇ ਹੋਰ ਹਥਾਂ ਨਾਲ ਤਾਲ ਦੇ ਦੇ ਕੇ ਫਾਵੇ ਹੋ ਰਹੇ ਸਨ। ਕਿਉਂਕਿ ਧਮਾਰ ਦੀ ਚਾਲ ਮੁਸ਼ਕਿਲ ਹੁੰਦੀ ਹੈ ਅਤੇ ਖਾਂ ਸਾਹਿਬ ਲੈਅ ਕਾਰੀਆਂ ਵੀ ਟੇਢੀਆਂ ਕਰ ਰਹੇ ਸਨ। ਤਬਲੇ ਦਾ ਗਣਿਤ ਵੀ ਕੰਪਿਊਟਰੀ ਸੀ। ਖਾਂ ਸਾਹਿਬ ਨੂੰ ਸੰਪੂਰਨ ਸਹਿਯੋਗ ਦਿਤਾ ਯੋਗੇਸ਼ ਹੋਰਾਂ ਨੇ। ਜਿੰਨੇ ਉਹ ਵੇਖਣ ਨੂੰ ਕੋਮਲ ਲਗਦੇ ਹਨ (ਜਾਪਦਾ ਸੀ ਕਿ ਤਬਲੇ ਦੇ ਸਪਰਸ਼ ਨਾਲ ਉਂਗਲਾਂ ਤੇ ਰਗੜ ਪੈ ਜਾਵੇਗੀ) ਉਨਾ ਹੀ ਮਜ਼ਬੂਤੀ ਨਾਲ ਘੰਟਿਆਂ ਬਧੀ ਉਹ ਤਬਲਾ ਵਜਾ ਸਕਦੇ ਹਨ। ਨਾ ਯਕੀਨ ਕਰਨ ਵਾਲੀ ਗਤੀ ਵਿਚ ਉਹਨਾਂ ਤਬਲਾ ਵਾਦਨ ਕੀਤਾ। ਉਸਤਾਦ ਸ਼ਾਗਿਰਦ ਇਕ ਦੂਜੇ ਵਿਚ ਅਭੇਦ ਹੋਏ ਹੋਏ ਸਨ। ਧੁਰ ਹਿਰਦੇ ਨੂੰ ਅੰਦਰ ਤਕ ਝਕਝੋਰਦਾ ਰਸ ਅਤੇ ਅਨੰਦ ਦੀਆਂ ਸਿਖਰਾਂ ਛੋਂਹਦਾ ਇਹ ਦੈਵੀ ਸੰਗੀਤ ਕਾਰਜ ਸੰਪੂਰਨ ਹੋਇਆ। ਕਲਾਕਾਰ ਕਿਵੇਂ ਆਪਣੀ ਕਲਾ ਦੇ ਜਾਦੂ ਨਾਲ ਵਾਤਾਵਰਨ ਬਦਲ ਸਕਦਾ ਹੈ। ਆਪਣੀ ਕਲਾ ਦੇ ਜ਼ੋਰ ਉਹ ਮਨ ਵਿਚ ਕਿਵੇਂ ਪਰਿਵਰਤਨ ਲਿਆ ਸਕਦਾ ਹੈ ਅਜ ਪ੍ਰਤੱਖ ਦਿਸਦਾ ਸੀ। ਪੱਥਰ ਨੂੰ ਪਿਘਲਾ ਕੇ ਮੋਮ ਕਰ ਦੇਣਾ ਭਾਵੇਂ ਅਤਿਕਥਨੀ ਹੈ ਪਰ ਪਥਰ ਦਿਲਾਂ ਨੂੰ ਮੋਮ ਹੁੰਦਿਆਂ ਵੇਖ ਹੀ ਲਿਆ ਸੀ।

ਅੰਤ ਉਤੇ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਬਹੁਤ ਪਿਆਰ ਭਰੀ ਆਸ਼ੀਰਵਾਦ ਨਾਲ ਕਲਾਕਾਰਾਂ ਨੂੰ ਸਿਰੋਪੇ ਬਖਸ਼ਿਸ਼ ਕੀਤੇ। ਉਸਤਾਦ ਅੱਲਾ ਰੱਖਾ ਖਾਂ ਸਾਹਿਬ, ਪੰਡਿਤ ਰਾਜਨ ਮਿਸ਼ਰਾ, ਸ੍ਰੀ ਰਾਜੇਂਦਰ ਗੰਗਾਨੀ, ਹਰੀਸ਼ ਗੰਗਾਨੀ, ਫਤਹਿ ਸਿੰਘ ਗੰਗਾਨੀ, ਗੋਪਾਲ ਮਿਸ਼ਰਾ ਆਦਿ ਸਭ ਨੂੰ ਸਿਰੋਪਾ ਦਿਤੇ ਗਏ। ਇਕ ਵਿਸ਼ੇਸ਼ ਸਨਮਾਨ ਕੀਤਾ ਗਿਆ ਸ੍ਰੀ ਲਛਮਣ ਸਿੰਘ ਸੀਨ ਹੋਰਾਂ ਦਾ ਪੰਜਾਬ ਦੇ ਪ੍ਰਸਿਧ ਕਲਾਕਾਰ ਅਤੇ ਉਸਤਾਦ ਹੋਣ ਨਾਤੇ।

ਸਤਿਗੁਰੂ ਜੀ ਨੇ ਲੇਖਕ ਨੂੰ ਦਸਿਆ ਕਿ ਥੋਹੜੇ ਸਮੇਂ ਬਾਦ ਹੀ ਬਿਰਜੂ ਮਹਾਰਾਜ ਦੇ ਨ੍ਰਿਤ ਦਾ ਪ੍ਰੋਗਰਾਮ ਹੋਵੇਗਾ। ਇਸ ਸਮੇਂ ਤਬਲੇ ਦੇ ਜਗਤ ਪਰਵਾਨਤ ਕਲਾਕਾਰ ਉਸਤਾਦ ਜ਼ਾਕਰ ਹੁਸੈਨ (ਸਪੁਤਰ ਉਸਤਾਦ ਅੱਲਾ ਰੱਖਾ) ਵੀ ਆਉਣਗੇ।



Sri Satguru Jagjit Singh Ji eLibrary NamdhariElibrary@gmail.com

**ਉਰਦੂ ਕਹਾਣੀ**

# ਲੌਟ ਕੇ ਬੁਧੂ......

ਮੂਲ ਲੇਖਕ—**ਸਰਵਨ ਕੁਮਾਰ ਵਰਮਾ**

ਪਹਿਲੀ ਤੇਜ਼ ਰਫਤਾਰ ਬਸ, ਜੇਹੜੀ ਸਵੇਰੇ ਪੰਜ ਵਜੇ ਚਲਦੀ ਸੀ, ਵਿਚ ਪਤਨੀ ਨੂੰ ਬਠਲਾ ਕੇ ਜੁਗਲ ਬਸ ਸਟੈਂਡ ਤੋਂ ਬਾਹਰ ਆ ਗਿਆ ਸੀ। ਨਵੰਬਰ ਦੇ ਮੁਢਲੇ ਦਿਨ ਸਨ। ਅਜੇ ਅਨ੍ਹੇਰਾ ਹੀ ਸੀ ਅਤੇ ਹਵਾ ਵਿਚ ਵਾਹਵਾ ਠੰਡ ਸ਼ੀ। ਰਿਕਸ਼ੇ ਵਾਲਿਆਂ ਦੇ ਸੱਦਿਆਂ ਦੇ ਬਾਵਜੂਦ ਉਸ ਨੇ ਪੈਦਲ ਚਲਨਾ ਹੀ ਠੀਕ ਜਾਣਿਆ। ਇਕ ਤਾਂ ਪੰਜ ਰੁਪਿਆਂ ਦੀ ਬੱਚਤ ਦੂਜੇ ਸਵੇਰ ਦੀ ਸੈਰ ਦਾ ਲੁੱਤਫ। ਕਿਰਨ ਦੇ ਨਰਮ ਕੂਲੇ ਮੁਖੜੇ ਦੀ ਤਾਜ਼ਗੀ ਅਤੇ ਗੁਲਾਬੀ ਬੁਲ੍ਹਾਂ ਤੇ ਖੇਡਣ ਵਾਲੀ ਪਿਆਰੀ ਮੁਸਕਾਨ ਨੂੰ ਆਪਣੇ ਅੰਤ੍ਰ-ਮਨ 'ਚ ਸਾਂਭੀ, ਉਹ ਮਟਰ ਗਸ਼ਤ ਦੇ ਅੰਦਾਜ਼ ਵਿਚ ਘਰ ਵਲ ਚਲਣ ਲਗਾ ਕਿ ਹੁਣ ਕੁਝ ਦਿਨ ਉਸ ਨੂੰ ਇਸੇ ਮੁਸਕਾਨ ਦੇ ਸਹਾਰੇ ਬਤੀਤ ਕਰਨੇ ਸਨ। ਅੱਡੇ ਦੇ ਆਸ ਪਾਸ ਦੀਆਂ ਦੁਕਾਨਾਂ ਤੇ ਉਬਾਲੀ ਜਾਣ ਵਾਲੀ ਚਾਹ ਅਤੇ ਨਿੱਕੀ ਇਲਾਇਚੀ ਦੀ ਖੁਸ਼ਬੋ ਸਸਤਾਣ ਅਤੇ ਤਾਜ਼ਾ ਦਮ ਹੋਣ ਲਈ ਉਕਸਾ ਰਹੀ ਸੀ। ਘਰ ਵਿਚ ਕੌਣ ਹੋਵੇਗਾ ਚਾਹ ਬਨਾਣ ਵਾਲਾ ? ਉਹ ਇਕ ਸਾਫ ਸੁਥਰੀ ਦੁਕਾਨ ਵਿਚ ਜਾ ਵੜਿਆ।

ਉਥੇ ਬੈਠੇ ਹੋਏ ਲੋਕਾਂ ਦੀਆਂ ਗੱਲਾਂ ਤੋਂ ਉਸਨੇ ਅੰਦਾਜ਼ਾ ਲਗਾਇਆ ਕਿ ਸਾਰੇ ਹੀ ਬਹੁਤ ਥੱਕੇ ਹੋਏ, ਉਕਤਾਏ ਹੋਏ ਅਤੇ ਪਰੇਸ਼ਾਨ ਸਨ। ਉਹਨਾਂ ਦੇ ਅੰਦਾਜ਼ ਵਿਚ ਅਜੀਬ ਜਹੀ ਤਲਖ਼ੀ ਦਾ ਅਨੁਭਵ ਸੀ। ਸ਼ਿਕਵੇ, ਗਿਲੇ, ਸ਼ਿਕਾਇਤਾਂ। ਚਾਹ ਪੀ ਕੇ ਉਥੋਂ ਤੁਰ ਪਿਆ।

ਆਪਣੇ ਬਾਜ਼ਾਰ 'ਚ ਪੁੱਜਾ ਤਾਂ ਦੁਕਾਨਾਂ ਅਜੇ ਬੰਦ ਸਨ। ਆਪਣੇ ਘਰ ਦੇ ਸਾਹਮਣੇ ਪੁਜ ਕੇ, ਜਿੰਦਰਾ ਖੋਲ੍ਹਣ ਦੀ ਮਨਸ਼ਾ ਨਾਲ ਜੇਬ ਚੋਂ ਕੁੰਜੀ ਕੱਢੀ। ਨਿਘੇ ਬਿਸਤਰੇ ਤੇ ਕੁਝ ਦੇਰ ਸੌਂ ਲੈਣ ਦੇ ਖ਼ਿਆਲ 'ਚ ਮਸਤ, ਉਹਨੇ ਕੁੰਜੀ ਜਿੰਦਰੇ ਦੀ ਮੋਰੀ 'ਚ ਪਾਣੀ ਚਾਹੀ ਤਾਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਜਿੰਦਰਾ ਗ਼ਾਇਬ ਸੀ ਅਤੇ ਸੰਗਲੀ ਲਟਕ ਰਹੀ ਸੀ। ਉਹ ਘਬਰਾ ਗਿਆ। ਪਰੇਸ਼ਾਨੀ 'ਚ ਆਪਣੇ ਘਰ ਤੇ ਝਾਤੀ ਮਾਰੀ। ਉਹੋ ਹਰੇ ਰੰਗ ਦਾ ਬੂਹਾ ਅਤੇ ਬਾਰੀਆਂ, ਉਹੋ ਮੱਛੀ-ਰੂਪੀ ਕਾਲ ਬੈੱਲ ਅਤੇ ਉਹੋ ਉਸ ਦੇ ਨਾਂ ਦੀ ਪਲੇਟ। ਮਕਾਨ ਨੰਬਰ ਵੀ ਉਸੇ ਦਾ ਸੀ। ਉਸ ਨੇ ਆਪਣੀ ਤਸੱਲੀ ਦੇ ਲਈ ਬਾਜ਼ਾਰ ਤੇ ਝਾਤੀ ਮਾਰੀ। ਉਹੋ ਜਾਣੀਆਂ ਪਛਾਣੀਆਂ ਦੁਕਾਨਾਂ, ਉਹੋ ਦੇਖਿਆ ਭਾਲਿਆ ਖੂਹ, ਇਸ ਮਕਾਨ, ਇਸ ਬਾਜ਼ਾਰ 'ਚ ਤਾਂ ਉਹ ਵਰ੍ਹਿਆਂ ਤੋਂ ਰਹਿ ਰਿਹਾ ਸੀ। ਉਸ ਨੇ ਬੂਹਾ ਧਕਿਆ। ਅੰਦਰੋਂ ਬੰਦ ਸੀ। ਅਰਥਾਤ ਅੰਦਰੋਂ ਕੋਈ ਹੈ ਸੀ ਜੇਹੜਾ ਕਿ ਉਸਦੀ ਗ਼ੈਰ-ਹਾਜ਼ਰੀ 'ਚ ਜਿੰਦਰਾ ਖੋਲ੍ਹਕੇ ਅੰਦਰ ਵੜ ਗਿਆ ਸੀ—ਚੋਰ—ਇਹ ਸ਼ਬਦ ਉਸ ਦੇ ਜ਼ਿਹਨ ਵਿਚ ਗੂੰਜਿਆ ਅਤੇ ਸ਼ੋਰ ਮਚਾਣ ਲੱਗਾ। ਉਹ ਤਾਂ ਗ਼ਰੀਬ ਬੰਦਾ ਹੈ। ਗੁਜ਼ਾਰੇ ਲਾਇਕ ਆਮਦਨੀ ਵਾਲਾ। ਮਾਮੂਲੀ ਜਿਹਾ ਨੁਕਸਾਨ ਵੀ ਉਸ ਦਾ ਲੱਕ ਤੋੜ ਸੁਟੇਗਾ। ਉਹ ਸਹਾਇਤਾ ਲਈ ਏਧਰ ਓਧਰ ਦੇਖਣ ਲੱਗਾ। ਕੁਝ ਦੂਰੀ ਤੇ ਲਾਲਾ ਕਿਸ਼ਨ ਚੰਦ ਆਪਣੇ ਘਰ ਦੇ ਬਾਹਰ ਖੜ੍ਹਾ ਦਾਤਣ ਚਬਾ ਰਿਹਾ ਸੀ। ਉਹ ਤੇਜ਼ ਤੇਜ਼ ਡਿੰਘਾਂ ਪੁਟਦਾ ਉਸ ਦੇ ਸਾਹਮਣੇ ਜਾ ਖੜ੍ਹਾ ਹੋਇਆ ਅਤੇ ਬੁਖਲਾਹਟ 'ਚ ਬੋਲਿਆ :

"ਲਾਲਾ ਜੀ, ਮੇਰੇ ਘਰ 'ਚ ਚੋਰ ਆ ਵੜਿਆ ਹੈ... ਮੈਂ ਘਰ ਵਾਲੀ ਨੂੰ ਬੱਸ ਤੇ ਚੜ੍ਹਾਣ ਲਈ ਗਿਆ ਸੀ...ਪਰਤ ਕੇ ਆਇਆ ਤਾਂ ਦੇਖਿਆ ਜਿੰਦਰਾ ਗਾਇਬ ਅਤੇ ਬੂਹਾ ਅੰਦਰੋਂ ਬੰਦ ਹੈ !"

"ਬੂਹਾ ਅੰਦਰੋਂ ਬੰਦ ਹੈ", ਲਾਲਾ ਜੀ ਨੇ ਸੋਚਣ ਦੇ ਅੰਦਾਜ਼ ਵਿਚ ਕਿਹਾ, "ਫੇਰ ਤਾਂ ਸ਼ੱਕ ਵਾਲੀ ਗੱਲ ਹੋਈ... ਆਓ ਦੇਖਦੇ ਹਾਂ।" ਉਹ ਜੁਗਲ ਦੇ ਨਾਲ ਆ ਗਏ। ਲਟਕਦੀ ਹੋਈ ਸੰਗਲੀ ਨੂੰ ਧਿਆਨ ਨਾਲ ਦੇਖਿਆ। ਬੂਹਾ ਧਕੇਲ ਕੇ ਤਸੱਲੀ ਕਰ ਲਈ ਅਤੇ ਪੁਛਿਆ, "ਤੁਹਾਨੂੰ ਯਕੀਨ ਹੈ ਕਿ ਜੰਦਰਾ ਮਾਰਿਆ ਸੀ ?"

"ਪੱਕਾ ਯਕੀਨ ਹੈ ਜੀ ! .....ਬੂਹਾ ਅੰਦਰੋਂ ਕਿਵੇਂ ਬੰਦ ਹੈ ?"

"ਚੋਰ ਹੈ ਅੰਦਰ, ਇਹ ਚੰਗੀ ਗਲ ਹੈ, ਫੜਿਆ ਜਾਵੇਗਾ", ਲਾਲਾ ਜੀ ਕੁਝ ਸੋਚ ਕੇ ਗੰਭੀਰਤਾ ਨਾਲ ਬੋਲੇ "ਇੰਝ ਕਰੋ, ਬਾਹਰੋਂ ਜੰਦਰਾ ਮਾਰ ਦੇਵੋ ਅਤੇ ਕੁ[ਝ] ਮੋਅਤਬਰ ਬੰਦਿਆਂ ਨੂੰ ਇਕੱਠੇ ਕਰੋ, ਫੇਰ ਸੋਚਦੇ ਹਾਂ ਕਿ ਕੀ ਕਰਨਾ ਚਾਹੀਦਾ ਹੈ।"

ਜੁਗਲ ਨੇ ਕੁਝ ਗੁਆਂਢੀਆਂ ਦੇ ਬੂਹਿਆਂ ਤੇ ਦਸਤ[ਕਾਂ] ਦਿਤੀਆਂ। ਜਿਸ ਨੇ ਵੀ ਸੁਣਿਆ ਨੱਸਿਆ ਆਇਆ। ਇਕ ਘਰੋਂ ਜਿੰਦਰਾ ਵੀ ਲਿਆ ਕੇ ਮਾਰ ਦਿਤਾ। ਤਕ[ੜੇ] ਜੁੱਸਿਆਂ ਵਾਲੇ ਕੁਝ ਨੌਜੁਆਨ ਹਾਕੀਆਂ ਅਤੇ ਲੋਹੇ ਦੀ[ਆਂ] ਸਲਾਖਾਂ ਲੈ ਆਏ। ਉਹਨਾਂ ਦੀ ਰਾਏ ਸੀ ਕਿ ਜੇਕਰ ਚੋ[ਰ]



Sri Satguru Jagjit Singh Ji eLibrary NamdhariElibrary@gmail.com

ਬਾਹਰ ਨਹੀਂ ਨਿਕਲਦਾ ਤਾਂ ਬੂਹਾ ਤੋੜ ਕੇ ਉਸ ਨੂੰ ਕਾਬੂ ਕਰ ਲਿਆ ਜਾਵੇ। ਖੂਬ ਠਕਾਈ ਕੀਤੀ ਜਾਵੇ ਅਤੇ ਉਸਦਾ ਮੂੰਹ ਕਾਲਾ ਕਰਕੇ ਪੁਲਸ ਦੇ ਹਵਾਲੇ ਕਰ ਦਿਤਾ ਜਾਵੇ। ਕਿਸ਼ਨ ਚੰਦ ਨੇ ਉਹਨਾਂ ਨੂੰ ਨਰਮੀ ਨਾਲ ਸਮਝਾਇਆ ਕਿ ਇੰਝ ਕਰਨਾ ਯੋਗ ਨਹੀਂ ਹੋਵੇਗਾ। ਉਹਨਾਂ ਨੂੰ ਕਾਨੂੰਨ ਆਪਣੇ ਹੱਥਾਂ 'ਚ ਨਹੀਂ ਲੈਣਾ ਚਾਹੀਦਾ। ਅਤੇ ਇਹ ਕਿ ਬੂਹਾ ਭੰਨ ਦੇਣ ਨਾਲ ਬੇਚਾਰੇ ਜੁਗਲ ਦਾ ਨੁਕਸਾਨ ਹੋਵੇਗਾ।

"ਘਰ ਵਿਚ ਨਕਦੀ ਅਤੇ ਗਹਿਣੇ ਆਦਿ ਕਿੰਨਾ ਕੁ ਹੈ?" ਭੀੜ ਵਿਚੋਂ ਕਿਸੇ ਨੇ ਪੁਛਿਆ।

"ਮੈਂ ਕੇਹੜਾ ਅਮੀਰ ਬੰਦਾ ਹਾਂ ਜੀ?" ਜੁਗਲ ਨੇ ਨਮਰਤਾ ਨਾਲ ਕਿਹਾ। "ਜੇਹੜੇ ਪੰਜ ਸਤ ਤੋਲੇ ਗਹਿਣੇ ਹਨ ਉਹ ਤਾਂ ਮੇਰੀ ਪਤਨੀ ਪਹਿਨ ਗਈ ਹੈ। ਨਕਦ ਰੁਪੈ ਮੇਰੇ ਪਾਸ ਹੀ ਹਨ। ਪਰ ਫੇਰ ਵੀ ਜੀ ਘਰ ਦਾ ਸਾਮਾਨ......।"

ਅੰਦਰ ਦਾ ਹਾਲ ਸੁਣ ਕੇ ਬਹੁਤ ਸਾਰੇ ਲੋਕਾਂ ਦੀ ਦਿਲਚਸਪੀ ਇਸ ਵਾਰਦਾਤ ਨਾਲ ਇਕ ਦਮ ਖ਼ਤਮ ਜਹੀ ਹੋ ਗਈ। ਕੁਝ ਤਾਂ ਚਲੇ ਵੀ ਗਏ। ਕੁਝ ਬਜ਼ੁਰਗਾਂ ਨੇ ਆਪੋ ਵਿਚ ਮਸ਼ਵਰਾ ਕਰਕੇ ਫੈਸਲਾ ਕੀਤਾ ਕਿ ਥਾਣੇ ਰਪਟ ਦਰਜ ਕਰਵਾਈ ਜਾਵੇ। ਕੁਝ ਮੁੰਡੇ ਬਾਹਰ ਪਹਿਰਾ ਦੇਣ। ਕੁਝ ਬੰਦੇ ਜੁਗਲ ਦੇ ਨਾਲ ਕੋਤਵਾਲੀ ਵਲ ਚੱਲ ਪਏ।

ਹੁਣ ਭਾਵੇਂ ਕਿ ਦਿਨ ਦਾ ਚਾਨਣ ਪਸਰਨ ਲੱਗਾ ਸੀ ਪਰ ਥਾਣੇ ਵਿਚ ਅਜੇ ਜ਼ਿੰਦਗੀ ਪੂਰੀ ਤਰ੍ਹਾਂ ਸ਼ੁਰੂ ਨਹੀਂ ਸੀ ਹੋਈ। ਮੁਨਸ਼ੀ ਦੇ ਕਮਰੇ ਵਿਚ ਰਾਤ ਦੀਆਂ ਖ਼ਾਲੀ ਬੋਤਲਾਂ ਅਤੇ ਗਲਾਸ ਖਿੰਡੇ ਪੁੰਡੇ ਪਏ ਸਨ। ਸਿਗਰਟਾਂ ਦੇ ਟੋਟੇ ਅਤੇ ਆਂਡਿਆਂ ਦੇ ਛਿਲੜ ਵੱਖ ਕਹਾਣੀ ਕਹਿ ਰਹੇ ਸਨ। ਕਮਰੇ ਵਿਚ ਅਜੀਬ ਜਹੀ ਬੋ ਭਰੀ ਹੋਈ ਸੀ। ਪਿਛੇ ਵੇਹੜੇ 'ਚ ਦੋ ਸਿਪਾਹੀ ਲੈਟਰਿਨ ਦੇ ਬਾਹਰ ਖੜੋਤੇ ਆਪਣੀ ਵਾਰੀ ਦੀ ਓਡੀਕ ਕਰ ਰਹੇ ਸਨ।

ਸੰਭਵ, ਉਥੇ ਕੋਈ ਵੀ ਨਹੀਂ ਸੀ ਜੇਹੜਾ ਇਹਨਾਂ ਦੀ ਵਿਪਤਾ ਸੁਣਕੇ ਸਹਾਇਤਾ ਲਈ ਬੋੜ੍ਹਦਾ। ਉਹ ਲੋਕ ਵਰਾਂਡੇ ਵਿਚ ਖੜੋਤੇ ਕਿਸੇ ਕਰਮਚਾਰੀ ਦੇ ਆਣ ਦੀ ਉਡੀਕ ਵਿਚ ਕੰਧ ਤੇ ਟੰਗੇ ਬੋਰਡ ਪੜ੍ਹ ਰਹੇ ਸਨ—ਪੁਲਸ ਤੁਹਾਡੀ ਮਦਦ ਲਈ ਹੈ—ਤਦੇ ਮੋਢੇ ਤੇ ਤੌਲੀਆਂ ਰਖੇ, ਕਛਾ ਬੁਨਿਆਣ ਵਿਚ, ਇਕ ਸਿਪਾਹੀ ਆਫ਼ਰੇ ਸਾਨ੍ਹ ਵਾਂਗ ਉਹਨਾਂ ਵੱਲ ਆਇਆ।

"ਕੌਣ ਹੋ ਤੁਸੀਂ, ਏਥੇ ਖੜੋਤੇ ਹੋਏ ਕੀ ਕਰ ਰਹੇ ਹੋ?"

'ਰਪਟ ਲਿਖਵਾਣੀ, ਹੈ ਜੀ।" ਜੁਗਲ ਨੇ ਘਗਿਆ ਕੇ ਕਿਹਾ—"ਚੋਰੀ ਦੀ—।"

"ਕਦੋਂ ਹੋਈ, ਕਿਸ ਦੇ ਘਰ ਹੋਈ ਚੋਰੀ?"

"ਜੀ, ਮੇਰੇ ਘਰ।"

"ਕੀ ਕੁਝ ਗਿਆ ਚੋਰੀ ਵਿਚ, ਕਿੰਨੇ ਦਾ ਨੁਕਸਾਨ ਹੋਇਆ?" "ਚੋਰ ਅਜੇ ਮਕਾਨ ਦੇ ਅੰਦਰ ਹੈ ਜੀ। ਅਸੀਂ ਬਾਹਰ ਤਾਲਾ ਮਾਰ ਦਿਤਾ।" ਕਿਸ਼ਨ ਚੰਦ ਨੇ ਅਗੇ ਵਧ ਕੇ ਦਸਿਆ। ਤੁਸੀਂ ਚਲ ਕੇ ਉਸਨੂੰ ਗ੍ਰਿਫਤਾਰ ਕਰ ਲਵੋ। ਉਸ ਦੇ ਫੜੇ ਜਾਣ ਨਾਲ ਹੋਰ ਵੀ ਕਈ ਚੋਰੀਆਂ ਦਾ ਪਤਾ ਲੱਗ ਸਕਦਾ ਹੈ। ਸ਼ਹਿਰ 'ਚ ਚੋਰੀਆਂ ਬਹੁਤ ਹੋ ਰਹੀਆਂ ਨੇ ਅੱਜ ਕਲ੍ਹ।"

"ਅੱਛਾ?" ਸਿਪਾਹੀ ਨੇ ਵਿਅੰਗ ਵਿਚ ਕਿਹਾ। "ਉਏ, ਤੂੰ ਕੀ ਕਰਦਾ ਹੈਂ? ਸੀ. ਆਈ. ਡੀ. ਵਿਚ ਹੈਂ?" ਹੈਂ?

"ਨਹੀਂ, ਮੇਰਾ ਕਾਰੋਬਾਰ ਹੈ ਸ਼ਾਲਾਂ ਅਤੇ ਕੰਬਲਾਂ ਦਾ, ਇਨਕਮ ਟੈਕਸ ਦੇਂਦਾ ਹਾਂ।"

"ਫੇਰ ਕੀ ਮੇਰੇ ਤੇ ਅਹਿਸਾਨ ਕਰਦਾ ਹੈਂ", ਸਿਪਾਹੀ ਨੇ ਹੋਰ ਵਧ ਕੜਵਾਹਟ ਨਾਲ ਕਿਹਾ। "ਮੈਂ ਖੂਬ ਜਾਣਦਾ ਹਾਂ, ਸਾਰੇ ਵਿਉਪਾਰੀ ਚੋਰ ਹੁੰਦੇ ਹਨ।"

ਕਿਸ਼ਨ ਚੰਦ ਨੂੰ ਗੁੱਸਾ ਤਾਂ ਆਇਆ, ਪਰ ਉਹ ਚੁੱਪ ਹੋ ਗਿਆ। ਹੁਣੇ ਉਸੇ ਪਹਿਰਾਵੇ ਵਿਚ ਦੋ ਸਿਪਾਹੀ ਹੋਰ ਆ ਗਏ।

"ਓਏ, ਕੀ ਗੱਲ ਐ, ਕੋਈ ਕਤਲ ਹੋ ਗਿਆ, ਗੋਲੀ ਚੱਲ ਗਈ ਕਿਤੇ?"

"ਚੋਰ ਆ ਵੜਿਆ ਜੀ ਮੇਰੇ ਘਰ।"

"ਬੰਤਾ ਸਿਹਾਂ, ਇਹਦੇ ਅਜੇ ਚੋਰੀ ਹੋਈ ਨਹੀਂ, ਮਾਲ ਗਿਆ ਨਹੀਂ। ਇਹ ਪਹਿਲਾਂ ਆ ਗਏ ਹਨ ਰਪਟ ਲਿਖਵਾਣ। ਓਏ, ਤੁਸੀਂ ਕਿਸੇ ਸ਼ਰੀਫ ਬੰਦੇ ਨੂੰ ਅੰਦਰ ਡੱਕ ਕੇ ਉਲਟੀ ਰਪਟ ਲਿਖਵਾਣ ਤੇ ਨਹੀਂ ਆ ਗਏ? ਮੈਨੂੰ ਤਾਂ ਦਾਲ 'ਚ ਕੁਝ ਕਾਲਾ ਲਗਦਾ ਐ।"

"ਆਪ ਖੁਦ ਚਲਕੇ ਦੇਖ ਲਵੋ ਜੀ।"

"ਐਸ. ਐਚ. ਓ. ਸਾਹਿਬ ਆ ਕੇ ਹੁਕਮ ਦੇਣਗੇ, ਤਦੇ ਕੁਝ ਹੋਵੇਗਾ।"

"ਡਿਊਟੀ ਤੇ ਕੋਈ ਤਾਂ ਹੋਵੇਗਾ ਜੀ?"



Sri Satguru Jagjit Singh Ji eLibrary NamdhariElibrary@gmail.com

"ਅੱਛਾ, ਤਾਂ ਤੂੰ ਅੰਗਰੇਜ਼ੀ ਵੀ ਜਾਣਦਾ ਹੈਂ । ਚੱਲ ਬਾਹਰ ਨਿਕਲ, ਕੋਈ ਨਹੀਂ ਹੈ ਏਥੇ ।"

"ਅਸੀਂ ਧਰਨੇ ਤੇ ਬੈਠਾਂਗੇ", ਕਿਸ਼ਨ ਚੰਦ ਨੇ ਭੜਾਸ ਕੱਢੀ । "ਡੀ. ਐਸ. ਪੀ. ਨਾਲ ਗੱਲ ਕਰਕੇ ਹੀ ਜਾਵਾਂਗੇ ।"

"ਧਰਨਾ ਦੇਵੋਗੇ ਤੁਸੀਂ ?...ਕੋਤਵਾਲੀ ਵਿਚ ?... ਲਹਿਣਾ ਸਿਹਾਂ ਇਹਨਾਂ ਨੂੰ ਟਾਡਾ 'ਚ ਅੰਦਰ ਕਰ ਦੇ ।" ਸਿਪਾਹੀ ਨੇ ਕਹਿ ਤਾਂ ਦਿਤਾ, ਪਰ ਇਹਨਾਂ ਸਾਰਿਆਂ ਨੂੰ ਬਰਾਂਡੇ 'ਚ ਬੈਠਿਆਂ ਨੂੰ ਦੇਖ ਕੇ ਉਹ ਕੁਝ ਘਬਰਾ ਵੀ ਗਿਆ ਸੀ । ਉਹਨੇ ਆਪਣੇ ਸਾਥੀਆਂ ਨਾਲ ਮਸ਼ਵਰਾ ਕੀਤਾ । ਇਸੇ ਦੌਰਾਨ ਕੰਨਟੀਨ ਤੋਂ ਚਾਹ ਆਦਿ ਵੀ ਆ ਗਈ । ਫੈਸਲਾ ਇਹ ਹੋਇਆ ਕਿ ਡੀ. ਐਸ. ਪੀ. ਦੇ ਡਿਊਟੀ ਤੇ ਆਉਣ ਤੋਂ ਪਹਿਲਾਂ ਦੋ ਸਿਪਾਹੀ ਉਹਨਾਂ ਲੋਕਾਂ ਦੇ ਨਾਲ ਮੌਕਾ-ਏ-ਵਾਰਦਾਤ ਤੇ ਜਾਣਗੇ । ਜੁਗਲ ਅਤੇ ਕਿਸ਼ਨ ਚੰਦ ਨੂੰ ਅੰਦਰ ਬੁਲਾਇਆ ਗਿਆ । ਚਾਹ ਦਾ ਬਿੱਲ ਜੁਗਲ ਕਿਸ਼ੋਰ ਨੇ ਦਿਤਾ । ਬੰਤਾ ਸਿੰਘ ਸੰਤਾ ਸਿੰਘ ਵਰਦੀ ਪਹਿਨ, ਡੰਡੇ ਲੈ ਕੇ ਤਿਆਰ ਹੋ ਗਏ ।

ਬਾਜ਼ਾਰ 'ਚ ਪੁਜ ਕੇ ਸਿਪਾਹੀਆਂ ਨੇ ਆਸੇ-ਪਾਸੇ ਦਾ ਨਿਰੀਖਣ ਕੀਤਾ । ਦੁਕਾਨਾਂ ਦੇ ਸ਼ਟਰਾਂ ਨੂੰ ਡੰਡਿਆਂ ਨਾਲ ਵਜਾ ਕੇ ਪਤਾ ਨਹੀਂ ਕੀ ਦੇਖਿਆ । ਖੂਹ ਵਿਚ ਵੀ ਝਾਤੀ ਮਾਰ ਆਏ । ਜੁਗਲ ਦੇ ਘਰ ਸਾਹਮਣੇ ਖੜ੍ਹੀ ਭੀੜ ਵਿਚ ਦੀ ਰਸਤਾ ਬਣਾਂਦਿਆਂ ਹੋਇਆਂ ਬੂਹੇ ਦੇ ਸਾਮ੍ਹਣੇ ਜਾ ਖੜੇ ਹੋਏ ।

"ਜੰਦਰਾ ਤਾਂ ਬੰਦ ਹੈ ।"

"ਇਹ ਅਸੀਂ ਮਾਰਿਆ ਹੈ, ਚੋਰ ਨੱਸ ਨਾ ਜਾਵੇ ।"

"ਅਤੇ ਇਹ ਹਾਕੀਆਂ ?"

"ਅਸੀਂ ਪਹਿਰਾ ਦੇ ਰਹੇ ਸੀ ।"

"ਜੁਗਲ ਨੇ ਤਾਲਾ ਖੋਲ੍ਹ ਦਿਤਾ, ਜਿਸਨੂੰ ਝਟ ਦੇਣੇ ਇਕ ਸਿਪਾਹੀ ਨੇ ਆਪਣੇ ਕਬਜ਼ੇ ਵਿਚ ਕਰ ਲਿਆ ।

"ਇਹ ਜੰਦਰਾ ਤਾਂ ਸਾਹਮਣੇ ਵਾਲਿਆਂ ਤੋਂ ਮੰਗ ਕੇ ਲਿਆ ਸੀ ਮੈਂ ।"

"ਵਾਰਦਾਤ ਦੀ ਥਾਂ ਤੇ ਮਿਲੀ ਹਰ ਚੀਜ਼ ਸਬੂਤ ਵਜੋਂ ਪੁਲੀਸ ਦੇ ਪਾਸ ਹੀ ਰਹਿੰਦੀ ਹੈ । ਕਲ੍ਹ ਨੂੰ ਤਫਤੀਸ਼ ਵਿਚ ਸ਼ਾਮਿਲ ਹੋਵੇਗੀ । ਜੋ ਕੁਝ ਵੀ ਹੋਵੇਗਾ ਕਾਇਦੇ ਕਾਨੂੰਨ ਅਨੁਸਾਰ ਹੀ ਹੋਵੇਗਾ । ਅਜੇ ਇਸ ਦੇਸ਼ ਵਿਚ ਲਾਅ ਐਂਡ ਆਰਡਰ ਖ਼ਤਮ ਨਹੀਂ ਹੋਇਆ । ਕਾਨੂੰਨ ਅਤੇ ਕਾਇਦੇ ਦਾ ਨਾਂ ਸੁਣ ਕੇ ਜੁਗਲ ਪਿਛੇ ਹਟ ਗਿਆ । ਬੰਤਾ ਸਿੰਘ ਨੇ ਬੂਹਾ ਧਕੇਲ ਕੇ ਖੋਲ੍ਹਣਾ ਚਾਹਿਆ, ਉਹ ਅੰਦਰੋਂ ਬੰਦ ਸੀ । ਉਸ ਨੇ ਸੰਤਾ ਸਿੰਘ ਵੱਲ ਗਹਿਰੀਆਂ ਨਜ਼ਰਾਂ ਨਾਲ ਦੇਖਿਆ ਅਤੇ ਉਹ ਦੋਨੋਂ ਇਕ ਵਾਰ ਮੁੜ ਚੌਕ ਤੀਕ ਗਏ । ਆਸ ਪਾਸ ਦੀਆਂ ਭੀੜੀਆਂ ਗਲੀਆਂ ਵਿਚ ਪਤਾ ਨਹੀਂ ਕੀ ਭਾਲਿਆ । ਖੂੰਜੇ ਮੋੜਾਂ ਤੇ ਗਹਿਰੀ ਨਜ਼ਰ ਮਾਰੀ । ਮੁੜ ਖੂਹ ਤੇ ਗਏ । ਖੂਹ ਦੇ ਪਿਛਲੇ ਪਾਸੇ ਕੰਧ ਦੇ ਉਹਲੇ 'ਚ ਇਕ ਪੁਰਾਣੀ, ਖ਼ਸਤਾ ਹਾਲਤ ਸਾਈਕਲ ਖੜੋਤੀ ਸੀ ।"

"ਹਰੀ ਗੱਦੀ, ਜੰਗ ਖਾਧੀ ਘੰਟੀ ।" ਬੰਤਾ ਸਿੰਘ ਨੇ ਸੰਤਾ ਸਿੰਘ ਨੂੰ ਜਿਵੇਂ ਕੁਝ ਸਮਝਾਣ ਦੀ ਕੋਸ਼ਿਸ਼ ਕੀਤੀ ।

ਸੰਤਾ ਸਿੰਘ ਨੇ ਵੀ ਸਾਈਕਲ ਦਾ ਗ਼ੌਰ ਨਾਲ ਨਰੀਖਣ ਕੀਤਾ ਅਤੇ ਦੋਵੇਂ ਮੌਕਾ ਵਾਰਦਾਤ ਤੇ ਪੁਜ ਗਏ ।

"ਹੁਣ ਦਸੋ—।" ਸੰਤਾ ਨੇ ਪੁਲਸੀ ਲਹਿਜੇ ਵਿਚ ਕਿਹਾ । ਕਿਸ਼ਨ ਚੰਦ ਨੇ ਬਹੁਤ ਧੀਰਜ ਨਾਲ ਸਾਰੀ ਗੱਲ ਦੋਬਾਰਾ ਬਿਆਨ ਕੀਤੀ ਅਤੇ ਸਿਪਾਹੀਆਂ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖਣ ਲੱਗਾ । "ਚੋਰੀ ਹੋਈ ਨਹੀਂ, ਮਾਲ ਕਿਸੇ ਪਾਸੋਂ ਬਰਾਮਦ ਨਹੀਂ ਹੋਇਆ ਅਤੇ ਤੁਸੀਂ ਇਕ ਸ਼ਰੀਫ਼ ਬੰਦੇ ਨੂੰ ਅੰਦਰ ਤਾੜ ਦਿਤਾ ਹੈ । ਬਾਹਰ ਹਾਕੀਆਂ ਅਤੇ ਲੋਹੇ ਦੀਆਂ ਛੜਾਂ ਫੜ ਕੇ ਖੜੋਤੇ ਹੋ ਉਹਨੂੰ ਮਾਰਨ ਕੁਟਣ ਦੇ ਲਈ—ਸਾਰੀ ਗੱਲ ਸਮਝ ਵਿਚ ਆ ਗਈ ਹੈ ਸਾਡੇ ।" ਸ਼ਰੀਫ਼ ਬੰਦਾ—?" ਜੁਗਲ ਛਟਪਟਾਇਆ । "ਸ਼ਰੀਫ਼ ਬੰਦਾ ਜੰਦਰੇ ਖੋਲ੍ਹ ਕੇ ਕਿਸੇ ਦੇ ਘਰ ਨਹੀਂ ਵੜਦਾ ਜੀ । ਬੂਹਾ ਤਾਂ ਉਸ ਨੇ ਖੁਦ ਅੰਦਰੋਂ ਬੰਦ ਕਰ ਰਖਿਆ ਹੈ ।"

"ਇਨਾਂ ਹਾਕੀਆਂ ਤੋਂ ਡਰ ਕੇ......", ਸੰਤਾ ਸਿੰਘ ਘੁਰਕਿਆ ।

"ਹਬਸੇ ਬੇਜਾ ਦਾ ਕੇਸ ਬਣੇਗਾ ਤੇਰੇ ਤੇ", ਬੰਤਾ ਸਿੰਘ ਦੇ ਮੱਥੇ ਤੇ ਤਿਊੜੀਆਂ ਸਨ ।

"ਆਪ ਇਹਨਾਂ ਲੋਕਾਂ ਪਾਸੋਂ ਪੁੱਛ ਲਵੋ ਜੀ", ਜੁਗਲ ਨੇ ਹਕਲਾਂਦਿਆਂ ਹੋਇਆਂ ਕਿਹਾ ।

"ਪੁੱਛਾਂਗੇ, ਸਾਰਿਆਂ ਤੋਂ ਪੁੱਛਾਂਗੇ । ਰਪਟ ਵੀ ਦਰਜ ਹੋਵੇਗੀ, ਪਰਚਾ ਵੀ ਕੱਟੇਗਾ, ਗੁਆਹੀਆਂ ਵੀ ਹੋਣਗੀਆਂ । ਇਹ ਜੰਦਰਾ ਜਿਹੜਾ ਕਿ ਸਾਡੇ ਸਾਹਮਣੇ ਖੋਲ੍ਹਿਆ ਗਿਆ ਹੈ, ਅਦਾਲਤ ਵਿਚ ਪੇਸ਼ ਹੋਵੇਗਾ । ਸਭ ਕੁਝ ਕਾਇਦੇ ਕਾਨੂੰਨ ਦੇ ਅਨੁਸਾਰ ਹੋਵੇਗਾ । ਪਹਿਲਾਂ ਇਸ ਬੰਦੇ ਦੀ ਗੱਲ ਵੀ ਸੁਣ ਲਈਏ ਜਿਸ ਨੂੰ ਤੁਸੀਂ ਅੰਦਰ ਤਾੜ ਰਖਿਆ ਹੈ । ਬੰਤਾ ਸਿਹਾਂ ਉਹ ਸਾਈਕਲ ਵੀ ਲੈ ਆ, ਜੇਹੜੀ ਇਨ੍ਹਾਂ ਲੋਕਾਂ ਨੇ ਖੂਹ ਦੇ ਪਿੱਛੇ ਛੁਪਾ ਰਖੀ ਆ ।"



Sri Satguru Jagjit Singh Ji eLibrary NamdhariElibrary@gmail.com

ਹਾਕੀਆਂ ਵਾਲੇ ਇਕਦਮ ਅਲੋਪ ਹੋ ਗਏ। ਜੁਗਲ ਨੇ ਇਕੱਠ ਤੇ ਨਜ਼ਰ ਮਾਰੀ ਤਾਂ ਬਹੁਤੇ ਲੋਕ ਚੁੱਪਚਾਪ ਜਾ ਚੁਕੇ ਸਨ। ਬੰਤਾ ਸਿੰਘ ਤੇ ਸੰਤਾ ਸਿੰਘ ਆਕੜ ਕੇ ਖੜੋਤੇ ਮੁੱਛਾਂ ਨੂੰ ਤਾਅ ਦੇ ਰਹੇ ਸਨ।

"ਕੀ ਝਗੜਾ ਹੈ ਓਏ ਤੇਰਾ ਇਸ ਬੰਦੇ ਨਾਲ ?"

"ਕੇਹਾ ਝਗੜਾ ? ਮੈਂ ਤਾਂ ਜਾਣਦਾ ਹੀ ਨਹੀਂ ਕਿ ਉਹ ਹੈ ਕੌਣ। ਇਕ ਤਾਂ ਉਹ ਮੇਰੇ ਘਰ ਦਾ ਤਾਲਾ ਤੋੜ ਕੇ .....।"

ਬੰਤਾ ਸਿੰਘ ਨੇ ਤਿੰਨ ਵਾਰ ਬੂਹੇ ਤੇ ਡੰਡੇ ਨਾਲ ਦਸਤਕ ਦਿਤੀ—"ਅਸੀਂ ਥਾਣੇ ਤੋਂ ਆਏ ਹਾਂ......ਬਾਹਰ ਆ ਜਾ, ਡਰ ਨਾ।"

"ਚਾਰੋਂ ਪਾਸੇ ਸੱਨਾਟਾ ਵਰਤ ਗਿਆ। ਹਰ ਅੱਖ ਬੂਹੇ ਤੇ ਟਿਕੀ ਹੋਈ ਸੀ। ਕੁਝ ਮਿਟਾਂ ਬਾਅਦ ਬੂਹਾ ਖੁਲ੍ਹਿਆ ਅਤੇ ਮਜ਼ਬੂਤ ਡੀਲ-ਡੌਲ, ਮਧਰੇ ਕੱਦ ਦਾ ਕਾਲਾ-ਕਲੂਟਾ ਬੰਦਾ ਅੰਦਰੋਂ ਨਿਕਲਕੇ ਸਿਪਾਹੀਆਂ ਦੇ ਸਾਮ੍ਹਣੇ ਆ ਖੜੋਤਾ।

"ਓਏ, ਇਹ ਤੁਹਾਨੂੰ ਸ਼ਕਲ ਤੋਂ ਚੋਰ ਲਗਦੇ ?" ਬੰਤਾ ਸਿੰਘ ਨੇ ਭੀੜ ਤੇ ਝਾਤ ਪਾਈ। "ਇਹ ਕਹਿੰਦੇ ਹਨ ਕਿ ਤੂੰ ਇਸ ਬਾਊ ਦੇ ਘਰ ਵਿਚ ਚੋਰੀ ਕਰਨ ਲਈ ਵੜਿਆ ਸੀ।"

"ਨਹੀਂ ਜੀ, ਮੈਂ ਤਾਂ ਮਿਸਤਰੀ ਹਾਂ। ਮੈਨੂੰ ਤਾਂ ਇਸ ਬਾਊ ਨੇ ਕੰਮ ਦੇ ਲਈ ਸੱਦਿਆ ਸੀ। ਪੈਸਿਆਂ ਤੋਂ ਝਗੜਾ ਹੋ ਗਿਆ, ਤਾਂ ਇਹਨਾਂ ਲੋਕਾਂ ਨੇ ਮਿਲ ਕੇ ਮੈਨੂੰ ਕੁਟਿਆ ਅਤੇ ਅੰਦਰ ਡੱਕ ਦਿਤਾ।"

"ਮਾਰਿਆ .. ਤੇ ਅੰਦਰ ਬੰਦ ਕਰ ਦਿਤਾ ! ...ਘਰ ਸੱਦ ਕੇ......", ਬੰਤਾ ਸਿੰਘ ਵਰਦੀ ਤੋਂ ਬਾਹਰ ਹੁੰਦਾ ਜਾ ਰਿਹਾ ਸੀ।

"ਓਏ ਲਾਲਾ। ਤੂੰ ਤਾਂ ਕਹਿ ਰਿਹਾ ਸੀ ਕਿ ਇਹ ਜੰਦਰਾ ਤੋੜ ਕੇ ਤੇਰੇ ਘਰ 'ਚ ਵੜਿਆ ਸੀ। ਕਿਥੇ ਹੈ ਉਹ ਟੁਟਿਆ ਹੋਇਆ ਤਾਲਾ—ਹੁਣ ਥਾਣੇ ਪੁਜ ਕੇ ਹੀ ਕਾਨੂੰਨੀ ਕਾਰਵਾਈ ਹੋਵੇਗੀ।" ਥਾਣੇ ਅਤੇ ਕਾਰਵਾਈ ਦੀ ਗੱਲ ਸੁਣ ਕੇ ਕੁਝ ਹੋਰ ਲੋਕ ਉਥੋਂ ਖਿਸਕ ਗਏ।

"ਮੈਂ ਇਸ ਬੰਦੇ ਨੂੰ ਨਹੀਂ ਜਾਣਦਾ। ਮੈਂ ਇਹਨੂੰ ਨਹੀਂ ਸਦਿਆ।" ਜੁਗਲ ਘਬਰਾ ਗਿਆ।

"ਮੇਰਾ ਡੇਢ ਸੌ ਰੁਪਿਆ ਦੇਣਾ ਹੈ ਜੀ ਇਸ ਬਾਊ ਨੇ।" ਕਾਲੇ ਕਲੂਟੇ ਬੰਦੇ ਨੇ ਕਿਹਾ।

"ਤੁਰ ਬਈ ਲਾਲਾ" ਬੰਤਾ ਸਿੰਘ ਨੇ ਜੁਗਲ ਨੂੰ ਧਕੇਲਦਿਆਂ ਹੋਇਆਂ ਕਿਹਾ। "ਅਤੇ ਤੂੰ ਵੀ" ਉਹਨੇ ਜਾਣ ਲੱਗੇ ਕਿਸ਼ਨ ਚੰਦ ਨੂੰ ਰੋਕ ਲਿਆ।

"ਇਹ ਕਿਹਾ ਕਾਨੂੰਨ ਹੈ ?" ਕਿਸ਼ਨ ਚੰਦ ਵੀ ਘਬਰਾ ਗਿਆ। "ਇਕ ਤਾਂ ਚੋਰ ਫੜਵਾਈਏ, ਉਪਰੋਂ ਬੁਰੇ ਬਣੀਏ। ਅਸੀਂ ਇਜ਼ਤਦਾਰ ਸ਼ਹਿਰੀ ਹਾਂ।"

ਸਿਪਾਹੀਆਂ ਦਾ ਰੌਂ ਦੇਖ ਕੇ ਇਕੱਠ ਘਬਰਾ ਗਿਆ। ਜੁਗਲ ਅਤੇ ਕਿਸ਼ਨ ਚੰਦ ਆਪਣੇ ਆਪ ਨੂੰ ਬੇਯਾਰ ਬਿਨਾ ਮਦਦਗਾਰ ਤੋਂ ਮਹਿਸੂਸ ਕਰਨ ਲੱਗੇ ਸਨ। ਕਿਸ਼ਨ ਚੰਦ ਦਾ ਪੁੱਤਰ ਆ ਗਿਆ ਸੀ ਅਤੇ ਉਸ ਕਾਲੇ ਬੰਦੇ ਨੂੰ ਪਾਸੇ ਕਰਕੇ ਕੁਝ ਕਹਿ ਰਿਹਾ ਸੀ।

"ਮੇਰੇ ਪੈਸੇ ਦਿਲਵਾ ਦੇਵੋ, ਡੇਢ ਸੌ ਰੁਪਿਆ", ਕਾਲੇ ਬੰਦੇ ਨੇ ਕਿਹਾ। ਪੁਤਰ ਨੇ ਬਾਪੂ ਨੂੰ ਕਿਹਾ। ਕਿਸ਼ਨ ਚੰਦ ਨੇ ਜੁਗਲ ਨੂੰ ਕਿਹਾ।

"ਪਰ ਚਾਚਾ ਜੀ, ਇਹ ਤਾਂ ਮੇਰੇ ਘਰ ਵਿਚ......।"

ਕੋਤਵਾਲੀ ਜਾ ਕੇ ਉਲਟਾ ਫਸ ਜਾਵੇਂਗਾ।" ਕਿਸ਼ਨ ਚੰਦ ਨੇ ਸਮਝਾਇਆ। ਜੁਗਲ ਨੇ ਬਿਜਲੀ, ਪਾਣੀ ਅਤੇ ਦੋਧੀ ਆਦਿ ਨੂੰ ਦੇਣ ਲਈ ਜੋਹੜੀ ਰਕਮ ਵੱਖ ਰਖੀ ਸੀ ਉਹ ਢਹਿੰਦੇ ਦਿਲ ਨਾਲ ਕਢੀ। ਸੌ ਰੁਪਿਆ ਉਸ ਬੰਦੇ ਨੂੰ ਦਿਤਾ ਤਾਂ ਉਹ ਅੜ ਖੜੋਤਾ।

"ਡੇਢ ਸੌ।"

ਜੁਗਲ ਨੇ ਪੰਜਾਹਾਂ ਦਾ ਨੋਟ ਹੋਰ ਦਿੱਤਾ।

"ਹੁਣ ਇਹਨਾਂ ਦੀ ਸੇਵਾ ਵੀ ਕਰ ਸਵੇਰੇ ਸਵੇਰੇ ਕੋਤਵਾਲੀ ਤੋਂ ਲੈ ਕੇ ਆਇਆ ਹੈਂ।"

"ਹੋਰ ਨਹੀਂ ਹਨ ਮੇਰੇ ਪਾਸ" ਜੁਗਲ ਗਿੜ-ਗਿੜਾਇਆ।

"ਕੋਤਵਾਲੀ ਚੱਲ। ਡੀ. ਐਸ. ਪੀ. ਦੇ ਸਾਹਮਣੇ ਰਪਟ ਦਰਜ ਹੋਵੇਗੀ। ਕਿਸ਼ਨ ਚੰਦ ਦੇ ਪੁਤ੍ਰ ਨੇ ਜੁਗਲ ਨੂੰ ਸਮਝਾਇਆ ਉਹਨੇ ਜੇਬ 'ਚ ਹੱਥ ਪਾਇਆ। ਅਜੇ ਉਹ ਗਿਣ ਰਿਹਾ ਸੀ ਕਿ ਕਾਲੇ ਭੂਤ ਬੰਦੇ ਨੇ ਸਾਰੇ ਨੋਟ ਝਪਟ ਕੇ ਬੰਤਾ ਸਿੰਘ ਦੇ ਹੱਥ ਰਖ ਦਿਤੇ ਅਤੇ ਬੋਲਿਆ—

"ਹੁਣ ਛੱਡੋ ਪਰੇ ਸਰਦਾਰ ਜੀ।"

"ਇਸ ਸ਼ਰੀਫ ਬੰਦੇ ਦੇ ਕਹਿਣ ਤੇ ਛੱਡ ਰਹੇ ਹਾਂ ਤੈਨੂੰ। ਫੇਰ ਕਦੇ ਇਹੋ ਜਿਹਾ ਕੁਝ ਕੀਤਾ ਤਾਂ ਟਾਡਾ 'ਚ ਬੰਦ ਕਰ ਦਿਆਂਗੇ। ਜ਼ਮਾਨਤ ਵੀ ਨਹੀਂ ਹੋਣੀ ਕਈ ਵਰ੍ਹੇ।"

ਜਦੋਂ ਬੰਤਾ ਸਿੰਘ ਅਤੇ ਸੰਤਾ ਸਿੰਘ ਉਸ ਕਾਲੇ ਭੂਤ ਬੰਦੇ ਦੇ ਨਾਲ ਚੱਲਣ ਲੱਗੇ ਤਾਂ ਉਹ ਕਹਿਣ ਲੱਗਾ :

"ਠਹਿਰੋ, ਆਪਣੀ ਸਾਈਕਲ ਤਾਂ ਲੈ ਆਵਾਂ।"

ਪੰਜਾਬੀ ਰੂਪ—**ਸੁਰਜੀਤ ਖ਼ੁਰਸ਼ੀਦੀ**



Sri Satguru Jagjit Singh Ji eLibrary NamdhariElibrary@gmail.com

ਦੋ ਅਸਾਹਿਤਕ ਕਿੱਸੇ

# ਪੈਰਾਂ ਹੇਠੋਂ ਖਿਸਕਦੀ ਸੜਕ

—ਪ੍ਰੀਤਮ ਸਿੰਘ ਪੰਛੀ

ਪਹਿਲਾ ਕਿੱਸਾ ਭਾਰਤ ਦੀ ਰਾਜਧਾਨੀ ਦਿੱਲੀ ਦਾ ਹੈ ।

ਰਾਜਧਾਨੀ ਵਿਚ ਇਕ ਅਜਿਹੀ ਸੜਕ ਹੈ ਜਿਸਨੂੰ ਮੈਂ ਪ੍ਰਤੀ ਦਿਨ ਪਾਰ ਕਰਦਾ ਹਾਂ । ਪਰ ਪਿਛਲੇ ਦਿਨੀਂ ਇਹ ਸੜਕ ਮੇਰੇ ਪੈਰਾਂ ਹੇਠੋਂ ਖਿਸਕਦੀ ਲਗ ਰਹੀ ਸੀ ਅਤੇ ਸਿਰਫ ਆਪਸ ਵਿਚ ਝੜਪਾਂ ਲੈਂ ਰਹੇ ਕੁਝ ਲੋਕ ਹੀ ਦਿਖਾਈ ਦੇ ਰਹੇ ਸਨ । ਸੜਕ ਦੇ ਇਕ ਪਾਸਿਉਂ ਪੱਥਰ ਵਰ੍ਹ ਰਹੇ ਸਨ । ਬੱਸਾਂ ਦੇ ਸ਼ੀਸ਼ੇ ਤੋੜੇ ਜਾ ਰਹੇ ਸਨ । ਬੱਸਾਂ ਵਿਚੋਂ ਨਿਕਲਕੇ ਲੋਕ ਹੇਠਾਂ ਸੜਕ ਤੇ ਆ ਗਏ ਸਨ । ਹਵਾ ਵਿਚ ਲਹਿਰਾਉਂਦੀਆਂ ਕਈ ਆਵਾਜ਼ਾਂ ਗੂੰਜ ਰਹੀਆਂ ਸਨ । ਇਕ ਸੰਪ੍ਰਦਾਇ ਦੇ ਲੋਕ ਦੂਜੀ ਸੰਪ੍ਰਦਾਇ ਦੇ ਵਿਰੁਧ ਨਾਅਰੇਬਾਜ਼ੀ ਕਰ ਰਹੇ ਸਨ ।

ਮੈਂ ਬਸ ਤੋਂ ਉਤਰਕੇ ਸੁੰਨਸਾਨ ਵੀਰਾਨ ਸੜਕ ਤੇ ਚਲਣਾ ਸ਼ੁਰੂ ਕਰ ਦਿਤਾ । ਆਪਣੇ ਦਫਤਰ ਪੁਜਣ ਲਈ ਕਾਹਲਾ ਸਾਂ । ਮੈਂ ਆਪਣੇ ਦਫਤਰ ਵਲ ਕਦਮ ਵਧਾਏ ਹੀ ਸਨ ਕਿ ਮੈਨੂੰ ਕੁਝ ਓਪਰੇ ਜਿਹੇ ਕਦਮਾਂ ਦੀ ਆਹਟ ਸੁਣਾਈ ਦਿਤੀ । ਮੈਂ ਪਿਛੇ ਮੁੜਕੇ ਦੇਖਿਆ, ਇਕ ਨੌਜੁਆਨ ਸੀ ਜੋ ਮੇਰੇ ਨਾਲ ਮਿਲਣ ਦੀ ਕੋਸ਼ਿਸ਼ ਵਿਚ ਲੰਮੇ ਕਦਮ ਪੁਟ ਰਿਹਾ ਸੀ । ਮੈਂ ਰੁਕ ਗਿਆ । ਉਹ ਨੌਜੁਆਨ ਕੁਝ ਕਹਿ ਰਿਹਾ ਸੀ ।

"ਜਦੋਂ ਵੀ ਕੋਈ ਅ-ਸੁਖਾਵੀਂ ਘਟਣਾ ਵਾਪਰਦੀ ਹੈ, ਭਾਵੇਂ ਉਹ ਰਾਜਨੀਤੀ ਤੋਂ ਪ੍ਰੇਰਿਤ ਹੋਵੇ ਜਾਂ ਧਾਰਮਿਕ ਭਾਵਨਾਵਾਂ ਤੋਂ, ਸੜਕ ਦਾ ਇਹ ਹਿਸਾ ਜ਼ਰੂਰ ਉਸਦੀ ਲਪੇਟ ਵਿਚ ਆ ਜਾਂਦਾ ਹੈ । ਘਬਰਾਉਣ ਦੀ ਲੋੜ ਨਹੀਂ ਜੰਟਲਮੈਨ । ਮੈਂ ਤੁਹਾਨੂੰ ਆਪੇ ਸੜਕ ਪਾਰ ਕਰਾਵਾਂਗਾ ।"

ਉਸ ਨੇ ਮੈਨੂੰ ਦਸਿਆ ਕਿ ਉਹ ਇਸੇ ਇਲਾਕੇ ਦੇ ਕਾਲਿਜ ਵਿਚ ਅਰਥ-ਸ਼ਾਸਤਰ ਦਾ ਵਿਦਿਆਰਥੀ ਹੈ ਅਤੇ ਉਹ ਬਹੁਤ ਪ੍ਰੇਸ਼ਾਨ ਹੈ ਕਿ ਇਸ ਤਰ੍ਹਾਂ ਭਾਰਤੀ ਆਰਥਿਕ ਢਾਂਚੇ ਵਿਚ ਤਰੇੜਾਂ ਆ ਸਕਦੀਆਂ ਹਨ । ਉਸ ਦਾ ਹਿੰਦੀ ਉਚਾਰਨ ਬੰਗਾਲੀ ਲਹਿਜੇ ਦਾ ਸੀ ਜਿਸ ਤੋਂ ਮੈਨੂੰ ਇਹ ਸਮਝਦਿਆਂ ਦੇਰ ਨਹੀਂ ਲਗੀ ਕਿ ਉਹ ਬੰਗਾਲੀ ਨੌਜੁਆਨ ਹੈ । ਉਹ ਗਲ ਗਲ ਤੇ ਮੇਰੀ ਸੁਰਖਿਆ ਲਈ ਫਿਕਰਮੰਦ ਲਗ ਰਿਹਾ ਸੀ ਜਦੋਂ ਕਿ ਮੈਂ ਆਪਣੇ ਆਪ ਵਿਚ ਕੋਈ ਖਤਰਾ ਮਹਿਸੂਸ ਨਹੀਂ ਸਾਂ ਕਰ ਰਿਹਾ ।

ਮੈਨੂੰ ਉਹ ਸੜਕ ਪਾਰ ਕਰਾਕੇ ਪਿਛਾਂਹ ਵਲ ਮੁੜ ਗਿਆ । ਮੈਂ ਉਸਨੂੰ ਕਾਫੀ ਫਾਸਲੇ ਤੋਂ ਦੇਖ, ਸਕਦਾ ਸਾਂ । ਉਹ ਵੀ ਹਿੰਸਕ ਹੋ ਗਿਆ ਸੀ ਅਤੇ ਬਿਫਰੀ ਭੀੜ ਵਿਚ ਜਾ ਮਿਲਿਆ ਸੀ ।

ਇਹ ਉਹੋ ਨੌਜੁਆਨ ਸੀ ਜੋ ਕੁਝ ਚਿਰ ਪਹਿਲਾਂ ਮੈਨੂੰ ਭਾਰਤੀ ਅਰਥਚਾਰੇ ਦੀ ਬਰਬਾਦੀ ਤੇ ਉਪਦੇਸ਼ ਦੇ ਰਿਹਾ ਸੀ । ਬਿਲਕੁਲ ਉਹੋ, ਭਾਰਤੀ ਅਰਥਚਾਰੇ ਲਈ ਫਿਕਰਮੰਦ ਅਰਥ-ਸ਼ਾਸਤਰ ਦਾ ਵਿਦਿਆਰਥੀ ।

ਇਹ ਮੇਰੀ ਚਿਰ ਪਰਿਚਤ ਸੜਕ ਸੀ ਜੋ ਮੇਰੇ ਪੈਰਾਂ ਹੇਠੋਂ ਖਿਸਕਦੀ ਜਾ ਰਹੀ ਸੀ । ਹਵਾ ਵਿਚ ਬੋਝਲਪਨ ਸੀ ਅਤੇ ਬਸਾਂ ਬੰਦ ਹੋ ਚੁਕੀਆਂ ਸਨ । ਏਥੋਂ ਤਕ ਕਿ ਕੋਈ ਵੀ ਮੈਨੂੰ ਮੇਰੇ ਦਫਤਰ ਤਕ ਲਿਫਟ ਦੇਣ ਲਈ ਤਿਆਰ ਨਹੀਂ ਸੀ ।

## ਬੁੱਧ ਦਾ ਉਹ ਪੈਰੋਕਾਰ

ਉਸ ਦਿਨ ਮੈਂ ਉਸ ਵਿਅਕਤੀ ਬਾਰੇ ਤੀਬਰਤਾ ਨਾਲ ਅਨੁਭਵ ਕੀਤਾ ਜੋ ਆਪਣੇ ਆਪ ਨੂੰ ਬੁੱਧਮਤ ਦਾ ਕੱਟੜ ਪੈਰੋਕਾਰ ਹੋਣ ਦਾ ਦਾਅਵਾ ਕਰਦਾ ਹੈ । ਉਸ ਦਾ ਨਾਮ ਅਸੀਂ 'ਮਿ' ਕੇ' ਹੀ ਸਮਝ ਲੈਂਦੇ ਹਾਂ ।

ਆਪਣੇ ਪ੍ਰਵਚਨ ਦੇ ਦੌਰਾਨ ਮਿ. 'ਕੇ' ਜਜ਼ਬਾਤ ਦੀ ਰੌ ਵਿਚ ਵਹਿ ਗਿਆ ਸੀ । ਉਸ ਨੇ ਕਿਹਾ—

"ਜਦੋਂ ਮੈਂ ਮੰਗੋਲੀਆ ਦੇ ਇਕ ਬੁੱਧ ਮੰਦਰ ਦੇ ਦਰਸ਼ਨਾਂ ਨੂੰ ਗਿਆ ਤਾਂ ਉਥੋਂ ਦੇ ਲੋਕ ਮੇਰੇ ਜਿਹੇ ਉਸ ਵਿਅਕਤੀ ਨੂੰ ਦੇਖ ਕੇ ਬੜੇ ਹੁਲਾਸ ਵਿਚ ਸਨ ਜੋ ਬੁੱਧ ਦੀ ਪਵਿਤਰ ਜਨਮ ਭੂਮੀ ਤੋਂ ਆਇਆ ਸੀ, ਉਹ ਮੈਨੂੰ ਇਸ ਤਰ੍ਹਾਂ ਛੋਹ ਰਹੇ ਸਨ ਜਿਵੇਂ ਮੈਂ ਵੀ ਬੁੱਧ ਦੀ ਜਨਮ ਭੂਮੀ ਦਾ ਇਕ ਪਵਿਤਰ ਅੰਗ ਹੋਵਾਂ । ਮੈਂ ਜਜ਼ਬਾਤੀ ਹੋ ਗਿਆ ਅਤੇ ਸੋਚਣ ਲਗਿਆ ਕਿ ਮੈਂ ਕਿੰਨਾ ਖੁਸ਼ਕਿਸਮਤ ਹਾਂ ਜੋ ਅਜਿਹੇ ਲੋਕਾਂ ਵਿਚ ਹਾਂ ਜੋ ਮੇਰੇ ਵਿਚ ਵੀ ਬੁੱਧ ਨੂੰ ਦੇਖ ਰਹੇ ਹਨ ।"

ਅਜੇ 'ਕੇ' ਦਾ ਪ੍ਰਵਚਨ ਪੂਰੀ ਚੜ੍ਹਤ ਵਿਚ ਸੀ ਉਹ ਅਚਾਨਕ ਰੁਕਿਆ । ਜਦੋਂ ਉਸ ਨੇ ਫਿਰ ਬੋਲਣਾ ਸ਼ੁਰੂ ਕੀਤਾ ਤਾਂ ਉਥੇ ਮੌਜੂਦ ਪੰਦਰਾਂ ਵੀਹ ਸਰੋਤਿਆਂ ਵਿਚੋਂ ਇਕ ਉਠ ਖਲੋਤਾ । ਉਸ ਨੇ ਮਿ. 'ਕੇ' ਨੂੰ ਸੁਆਲ ਕੀਤਾ ।

"ਜਦੋਂ ਉਹ ਤੁਹਾਡੇ ਛੋਹ ਰਹੇ ਸਨ ਤਾਂ ਇਹ ਖਿਆਲ ਤੁਹਾਨੂੰ ਦਿਮਾਗ ਵਿਚ ਨਹੀਂ ਆਇਆ ਕਿ ਤੁਸੀਂ ਉਸ ਵਕਤ ਬੁੱਧ ਦੀ ਧਰਤੀ ਦੇ ਪਹਿਰਾਵੇ ਵਿਚ ਨਹੀਂ ਸੀ । ਸਗੋਂ ਸੂਟਧਾਰੀ ਸਉ ।"

ਮਿ. 'ਕੇ' ਆਪਣੇ ਪੱਛਮੀ ਰੰਗ ਢੰਗ ਦੇ ਸੂਟ ਨੂੰ ਦੇਖਦੇ ਰਹਿ ਗਏ ਅਤੇ ਉਸ ਛੋਟੀ ਜਿਹੀ ਸਭਾ ਵਿਚ ਸੱਨਾਟਾ ਛਾ ਗਿਆ ।



Sri Satguru Jagjit Singh Ji eLibrary NamdhariElibrary@gmail.com

ਕਵਿਤਾ

# ਕਾਗ਼ਜ਼ ਦੇ ਵਪਾਰੀ

□ ਨੂਰ ਸੰਤੋਖਪੁਰੀ

ਕਰਦੇ ਨੇ ਖ਼ੁਸ਼ਬੂਆਂ ਦਾ ਵਪਾਰ,
ਇਹ ਕਾਗ਼ਜ਼ ਦੇ ਵਪਾਰੀ ।
ਮਿੱਧਦੇ ਨੇ ਅਸਲੀ ਫੁੱਲਾਂ ਨੂੰ ਯਾਰ !
ਇਹ ਕਾਗ਼ਜ਼ ਦੇ ਵਪਾਰੀ ।

ਚੁੱਕ ਲਏ ਨੇ ਸਾਡੇ ਬੱਚਿਆਂ ਅੱਗੋਂ
ਚਮਕਦੇ ਅੱਖਰ ਇਨ੍ਹਾਂ,
ਭਰਦੇ ਨੇ ਸੁਪਨਿਆਂ 'ਚ ਅੰਧਕਾਰ
ਇਹ ਕਾਗ਼ਜ਼ ਦੇ ਵਪਾਰੀ ।

ਲੱਭ ਕੇ ਹਰ ਹਾਦਸੇ ਨੂੰ
ਬਣਾਉਂਦੇ ਨੇ ਖ਼ੁਰਾਕ ਕਾਲਮਾਂ ਦੀ,
ਕਰਦੇ ਨੇ ਸੁਰਖ਼ੀਆਂ ਦਾ ਸ਼ਿੰਗਾਰ
ਇਹ ਕਾਗ਼ਜ਼ ਦੇ ਵਪਾਰੀ ।

ਪਹੁੰਚ ਸਕੇ ਨਾ ਲੋਕਾਂ ਤੱਕ
ਪੁਕਾਰ ਲਲਕਾਰ ਅਦੀਬਾਂ ਦੀ,
ਕਰਦੇ ਨੇ ਕਾਗ਼ਜ਼ ਮਹਿੰਗਾ ਹਰ ਵਾਰ
ਇਹ ਕਾਗ਼ਜ਼ ਦੇ ਵਪਾਰੀ ।

ਕਰ ਹੀ ਜਾਂਦੇ ਨੇ
ਜਮਹੂਰੀਅਤ ਦੇ ਨਾਲ ਹੇਰਾਫੇਰੀਆਂ,
ਬਣ ਕੇ ਰਹਿੰਦੇ ਨੇ ਸਾਡੀ ਸਰਕਾਰ
ਇਹ ਕਾਗ਼ਜ਼ ਦੇ ਵਪਾਰੀ ।

ਬਣਾਂਦੇ ਨੇ ਕਾਗ਼ਜ਼ ਦੀਆਂ ਕਿਸ਼ਤੀਆਂ
ਅਤੇ ਜਹਾਜ਼ ਕਈ,
ਬਣਾਂਦੇ ਨੇ ਕਾਗ਼ਜ਼ ਦੇ ਪਤਵਾਰ
ਇਹ ਕਾਗ਼ਜ਼ ਦੇ ਵਪਾਰੀ ।

ਇਹ ਕੀ ਜਾਣਦੇ ਨੇ ਕਿਵੇਂ ਕਰੀਦਾ ਏ
ਮੋਹ ਨਾਲ ਵਤਨ ਦੇ ?
ਆਉਂਦੇ ਨੇ ਵੇਚ ਗ਼ੈਰਤ ਬਾਹਰ
ਇਹ ਕਾਗ਼ਜ਼ ਦੇ ਵਪਾਰੀ ।

ਰੀਝਾਂ ਤੇਰੀਆਂ ਦਾ ਡੋਲਾ
ਨ੍ਹੀਂ ਤੋਰਨਾ ਤੇਰੇ ਨਾਲ ਇਨ੍ਹਾਂ,
ਧੋਖੇਬਾਜ਼, ਫ਼ਰੇਬੀ, ਝੂਠੇ, ਮੱਕਾਰ
ਇਹ ਕਾਗ਼ਜ਼ ਦੇ ਵਪਾਰੀ ।

ਨਾ ਬਣ ਸਕਿਆ ਖ਼ਾਸ ਜੋ
ਤੇ ਨਾ ਹੋ ਸਕਿਆ ਅਹਿਮ ਜੋ,
ਕਰਦੇ ਨੇ ਉਸ ਨੂੰ ਬਹੁਤ ਖ਼ੁਆਰ
ਇਹ ਕਾਗ਼ਜ਼ ਦੇ ਵਪਾਰੀ ।

ਖ਼ੁਸ਼ਬੂ ਨੋਟਾਂ ਦੀ ਤਨ-ਮਨ ਇਨ੍ਹਾਂ ਦਾ
ਜਦ ਮਹਿਕਾ ਦੇਂਦੀ ਏ,
ਭੁੱਲ ਜਾਂਦੇ ਨੇ ਸੱਜਣ-ਯਾਰ
ਇਹ ਕਾਗ਼ਜ਼ ਦੇ ਵਪਾਰੀ ।

ਨਾਂ ਕਰ ਫ਼ਿਕਰ ਮੰਗੀਏ !
ਤੇਰਾ ਵੀ ਇਕ ਦਿਨ ਕੋਠਾ ਬਣ ਜੂ
ਦੇਂਦੇ ਨੇ ਰਾਤੋ-ਰਾਤ ਪੁਲ ਉਸਾਰ
ਇਹ ਕਾਗ਼ਜ਼ ਦੇ ਵਪਾਰੀ ।

ਕਿਤਾਬ ਜ਼ਿੰਦਗੀ ਦੀ ਕੋਰੀ ਸੀ
ਕੋਰੀ ਹੀ ਰਹਿ ਜਾਣੀ ਏਂ,
ਕਰਦੇ ਨੇ ਕੋਰੇ ਕੌਲ-ਇਕਰਾਰ
ਇਹ ਕਾਗ਼ਜ਼ ਦੇ ਵਪਾਰੀ ।

ਕਰ ਕਰਕੇ ਹਿਸਾਬ ਤੂੰ ਸਾਰਾ ਹੀ
ਪੀਲਾ ਜ਼ਰਦ ਹੋਇਆ,
ਮਾਣਦੇ ਨੇ ਏਥੇ ਮੌਜ-ਬਹਾਰ
ਇਹ ਕਾਗ਼ਜ਼ ਦੇ ਵਪਾਰੀ ।

ਸਿਖ ਲੈ ਰੂੜਿਆ, "ਨੂਰ" ਕੋਲ ਬਹਿ ਕੇ
ਅੱਖਰ ਪੜ੍ਹਨੇ ਲਿਖਣੇ,
ਲੁੱਟਦੇ ਵਹੀ ਤੇ ਵਾਹ ਅੱਖਰ ਚਾਰ
ਇਹ ਕਾਗ਼ਜ਼ ਦੇ ਵਪਾਰੀ ।



Sri Satguru Jagjit Singh Ji eLibrary NamdhariElibrary@gmail.com

## ਚੰਦ ਦੀਆਂ ਰਿਸ਼ਮਾਂ

—ਸੁਰਿੰਦਰ ਕੌਰ ਖਰਲ

ਗੀਤਾ ਦੇ ਸ਼ਲੋਕ ਹਨ
ਰਾਮਾਇਣ ਦੇ ਦੋਹੇ ਹਨ
ਗ੍ਰੰਥ ਸਾਹਿਬ ਦੇ ਸ਼ਬਦ ਹਨ
ਕੁਰਾਨ ਸ਼ਰੀਫ ਦੀਆਂ ਆਇਤਾਂ ਹਨ
ਤੇਰੇ ਪਵਿੱਤਰ ਮੁਖਾਰਬਿੰਦ ਚੋਂ
ਨਿਕਲੇ ਸ਼ਬਦ
ਤੇ ਜਦ ਵੀ
ਮੇਰੇ ਕੰਨ
ਮੇਰਾ ਸਾਰਾ ਵਜੂਦ ਬਣ
ਇਹ ਪਾਕ ਸ਼ਬਦ ਸਮੇਟ
ਮੇਰੇ ਜ਼ਿਹਨ 'ਚ ਲੈ ਜਾਂਦੇ ਹਨ
ਰੂਹ ਇਕ ਡੂੰਘੇ ਸਕੂਨ ਨਾਲ
ਇਉਂ ਸਰਸ਼ਾਰ ਹੋ ਜਾਂਦੀ ਹੈ
ਜਿਵੇਂ ਚਾਂਦਨੀ ਰਾਤ ਨੂੰ
ਚੰਦ ਦੀਆਂ ਰਿਸ਼ਮਾਂ
ਤਨ-ਮਨ ਨੂੰ ਨੁਹਾ ਰਹੀਆਂ ਹੋਣ
ਜਾਂ ਫਿਰ
ਢੇਰਾਂ ਫੁੱਲਾਂ ਦਾ ਸਮੁੰਦਰ
ਆਤਮਾ 'ਚ ਪਸਰੀ ਹੋਈ
ਸ਼ਾਂਤੀ ਦੀ ਝੋਲੀ ਵਿਚ
ਡੁੱਲ ਡੁੱਲ ਜਾਂਦਾ
ਮਹਿਕਾਂ ਬਿਖੇਰਦਾ ਹੋਵੇ
ਤੇ ਦਿਲ ਕਰਦੈ
ਮੇਰੇ ਕੰਨ
ਸੁਣਦੇ ਹੀ ਰਹਿਣ।
ਸੁਣਦੇ ਹੀ ਰਹਿਣ ॥

## "ਹੁਣ ਵਕਤ ਹੈ ਆਰਾਮ ਦਾ......"

—ਤਰਲੋਕ ਮਨਸੂਰ

ਵਕਤ ਹੈ ਆਰਾਮ ਦਾ
ਜ਼ਿੰਦਗੀ ਦੀ ਸ਼ਾਮ ਦਾ
ਬਣ ਨਾ ਏਨਾ ਬੇਵਫ਼ਾ,
ਹੁਣ ਤੇ ਘਰ ਨੂੰ ਮੁੜ ਕੇ ਆ
ਜੀਅੜਿਆ ਪ੍ਰਦੇਸੀਆ।
ਆਵਾਰਗੀ, ਬੇਗ਼ਾਨਗੀ, ਉਪਰਾਮਤਾ—
ਕਿਥੋਂ ਲਿਖਾ ਕੇ ਆ ਗਿਓਂ ?
ਉਮਰ ਭਰ ਦੀ ਭਟਕਣਾ
ਝੋਲੀ ਪੁਆ ਕੇ ਆ ਗਿਓਂ
ਇਕ ਪਲ ਨਾ ਟਿਕ ਕੇ ਬੈਠਿਓਂ
ਇਕ ਛਿਣ ਨਾ ਬਣਿਓਂ ਆਸ਼ਨਾ।
ਵਾਹ ਓਏ ਮੇਰੇ ਦੋਸਤਾ
ਮੰਨ ਮੇਰੇ ਪਰਦੇਸੀਆ।
ਹੁਣੇ ਐਥੇ......ਹੁਣੇ ਐਥੇ......
ਹੁਣ ਧਰਤ ਤੇ......ਆਕਾਸ਼ ਤੇ......ਪਾਤਾਲ ਵਿਚ।
ਦੱਸ ਤਾਂ ਸਈ ਕਮਲਿਆ,
ਫਿਰਦਾ ਹੈਂ ਕਿਸ ਦੀ ਭਾਲ ਵਿਚ ?
ਗੱਲ ਸੁਣ, ਏਧਰ ਤੇ ਆ,
ਅੰਦਰ ਆਪਣੇ ਝਾਤ ਪਾ।
ਘਰ ਆਪਣੇ ਸੁਖ ਹੈ, ਸਹਿਜ ਹੈ, ਆਨੰਦ ਹੈ
ਸੁਆਦ ਹੈ, ਵਿਸਮਾਦ ਹੈ।
ਸਹਿਜਤਾ ਦੀ ਰਾਸ ਹੈ,
ਸ਼ਾਂਤੀ ਦਾ ਰਾਜ ਹੈ।
ਰਾਗ ਹੈ, ਆਲਾਪ ਹੈ,
ਅਡੋਲਤਾ ਦੀ ਦਾਤ ਹੈ।
ਸੱਚ ਦਾ ਪ੍ਰਕਾਸ਼ ਹੈ।
ਤਿਆਗ ਦੇ ਇੰਝ ਭਟਕਣਾ,
ਆ......ਅਪਣੇ ਘਰ ਨੂੰ ਆ।
ਬਣ ਨਾ ਏਨਾ ਬੇਵਫ਼ਾ,
ਮੰਨ ਮੇਰੇ ਪਰਦੇਸੀਆ।
ਹੁਣ ਵਕਤ ਹੈ ਆਰਾਮ ਦਾ,
ਜ਼ਿੰਦਗੀ ਦੀ ਸ਼ਾਮ ਦਾ।

੧੬੦, ਫੈਕਟਰੀ ਏਰੀਆ,
ਗੋਇੰਦਵਾਲ ਸਾਹਿਬ



Sri Satguru Jagjit Singh Ji eLibrary NamdhariElibrary@gmail.com

# ਚਿਰਾਂ ਪਿਛੋਂ ਫੇਰੀ

—ਲੇਖ: ਕਰਨਲ ਗੁਲਚਰਨ ਸਿੰਘ

ਮੈਂ ਉਸ ਦਿਨ ਉਸ ਘਰ ਵਿਚ ਕਈ ਸਾਲਾਂ ਮਗਰੋਂ ਗਿਆ ਸੀ। ਮੇਰੇ ਮਾਤਾ ਪਿਤਾ ਜੀ ਦੇ ਸਵਰਗਵਾਸ ਹੋ ਜਾਣ ਉਪਰੰਤ ਪਹਿਲੀ ਵਾਰ। ਉੜਮੁੜ ਦੇ ਮੁਖ ਬਜ਼ਾਰ ਦੇ ਵਿਚਕਾਰ ਕਰਕੇ ਉਤਰ ਨੂੰ ਜਾਂਦੀ ਇਕ ਪੱਕੀ ਗੱਲੀ ਤੇ ਇਹ ਮਕਾਨ ਸਥਿਤ ਹੈ ਅਤੇ ਇਸ ਦਾ ਬਾਹਰ ਦਾ ਬੂਹਾ ਏਸੇ ਗਲੀ ਵਿਚ ਖੁਲਦਾ ਹੈ। ਅਸੀਂ ਦੇਸ਼ ਦੀ ਵੰਡ ਉਪਰੰਤ ਆਪਣਾ ਪੁਰਾਣਾ ਘਰ ਬਾਰ ਪਾਕਿਸਤਾਨ, ਨਵੇਂ ਬਣੇ ਦੇਸ਼ ਵਿਚ ਛਡ, ਭਾਰਤ ਵਿਚ ਆ ਗਏ ਸੀ ਤਾਂ ਇਹ ਮਕਾਨ ਸਾਨੂੰ ਪੁਨਰ ਵਸੇਬੇ ਲਈ ਮਿਲਿਆ ਸੀ। ਉਹ ਵੀ ਮੇਰੇ ਚਿੱਠੀ ਲਿਖਣ ਤੇ ਕਿਉਂਕਿ ਮੈਂ ਉਦੋਂ ਦੂਰ ਬੈਠਾ ਸੀ। ਉਸ ਸਮੇਂ ਅਜੇ ਭਾਰਤ ਵਿਚ ਫੌਜ ਦੀ ਪੁਛ-ਤਾਛ ਹੈ ਸੀ, ਇੱਜ਼ਤ ਮਾਣ ਹੈ ਸੀ।

ਮੈਂ ਇਸ ਗਲੀ ਵਿਚੋਂ ਖੁਲਦੇ ਬੂਹੇ ਰਾਹੀਂ ਲੰਘ ਅੰਦਰ ਵੜ ਇਕ ਨਿੱਕੀ ਜਿਹੀ ਡਿਉਢੀ ਵਿਚ ਪੈਰ ਰਖਿਆ, ਆਲੇ ਦੁਆਲੇ ਝਾਤ ਮਾਰੀ, ਤਾਂ ਸਭ ਕੁਝ ਉਂਜ ਦਾ ਉਂਜ ਹੀ ਜਾਪਿਆ ਜਿਵੇਂ ਕਿ ਪਹਿਲਾਂ ਹੁੰਦਾ ਸੀ। ਸੱਜੇ ਪਾਸੇ ਇਕ ਨਿੱਕੀ ਜਿਹੀ ਪੱਕੀ ਪਉੜੀ ਉਪਰਲੇ ਕਮਰੇ ਨੂੰ ਜਾਂਦੀ ਹੈ। ਉਦੋਂ ਇਸ ਕਮਰੇ ਵਿਚ ਮੇਰਾ, ਮੇਰੇ ਤੋਂ ਛੋਟਾ ਭਰਾ ਆਪਣੇ ਟੱਬਰ ਸਮੇਤ ਰਿਹਾ ਕਰਦਾ ਸੀ। ਅਜ ਕਲ ਤੇ ਸਾਰਾ ਮਕਾਨ ਹੀ ਉਹਦੇ ਕੋਲ ਹੈ।

ਮੈਨੂੰ ਯਾਦ ਆ ਗਿਆ ਕਿ ਗਰਮੀਆਂ ਦੀ ਰੁੱਤੇ ਦੁਪਹਿਰ ਦੇ ਖਾਣੇ ਪਿਛੋਂ ਇਸ ਡਿਓੜੀ ਵਿਚ ਬੜੀ ਰੌਣਕ ਹੁੰਦੀ ਸੀ, ਪਾਸ਼ੇ ਦੀ ਬਾਜ਼ੀ ਲਗਦੀ ਸੀ। ਜਦੋਂ ਛੁਟੀ ਆਇਆ ਹੁੰਦਾ ਤਾਂ ਮੈਂ ਵੀ ਇਸ ਵਿਚ ਹਿੱਸਾ ਲਿਆ ਕਰਦਾ ਸੀ। ਮੇਰੇ ਭਾਪਾ ਜੀ (ਪਿਤਾ ਜੀ) ਅਤੇ ਸਾਡਾ ਇਕ ਗੁਆਂਢੀ (ਮੇਰੇ ਪਿਤਾ ਜੀ ਦਾ ਸਰਨਾਵੀਆਂ) ਹਾਣੀ ਹੁੰਦੇ ਸਨ, ਅਤੇ ਦੂਜੇ ਪਾਸੇ ਮੇਰੀ ਤੇ ਮੇਰੇ ਛੋਟੇ ਭਰਾ ਦੀ ਜੋੜੀ ਹੁੰਦੀ ਸੀ। ਮੇਰੇ ਪਿਤਾ ਜੀ ਤੇ ਮੇਰਾ ਛੋਟਾ ਭਰਾ ਇਸ ਖੇਡ ਵਿਚ ਕਾਫੀ ਮੁਹਾਰਤ ਰਖਦੇ ਸਨ। ਭਾਪਾ ਜੀ ਦਾ ਸਾਥੀ ਇਹਨਾਂ ਦੋਵਾਂ ਨਾਲੋਂ ਇਸ ਖੇਡ ਵਿਚ ਘਟ ਮਾਹਿਰ ਸੀ ਅਤੇ ਮੈਂ ਤੇ ਫਾਡੀ ਹੀ ਹੁੰਦਾ ਸੀ, ਪਰ ਹੌਲੀ ਹੌਲੀ ਮੈਨੂੰ ਵੀ ਇਸ ਖੇਲ ਦੇ ਢੰਗਾਂ ਦਾ ਪਤਾ ਲਗਣ ਲਗ ਪਿਆ ਸੀ।

ਜਦੋਂ ਇਕ ਧਿਰ ਦੀ ਕੋਈ ਗਾਟੀ ਕਾਬੂ ਆ ਜਾਂਦੀ ਤਾਂ ਦੂਜੀ ਧਿਰ ਦੇ ਦੋਵੇਂ ਸਾਥੀ ਦੁਹਾਈ ਪਾ ਦੇਂਦੇ। "ਮਾਰੋ! ਮਾਰੋ!" ਇਸ ਵਿਚ ਵੀ ਖੁਸ਼ੀ ਮਿਲਦੀ ਸੀ। ਆਖੀਰ ਵਿਚ ਜਿਹੜੀ ਜੋੜੀ ਬਾਜ਼ੀ ਜਿੱਤ ਜਾਂਦੀ। ਉਹ ਬੇਹੱਦ ਖੁਸ਼ ਹੁੰਦੀ, ਕਿਉਂ ਨਾ ਹੋਣ! ਸਫਲਤਾ, ਜਿੱਤ ਭਾਵੇਂ ਨਿੱਕੀ ਹੋਵੇ ਤੇ ਭਾਵੇਂ ਵੱਡੇ ਪਧਰ ਦੀ ਖੁਸ਼ੀ ਦਾ ਕਾਰਨ ਹੁੰਦੀ ਹੀ ਹੈ।

ਇਕ ਬਾਜ਼ੀ ਪੂਰੀ ਹੋਣ ਤੇ ਦੂਜੀ ਸ਼ੁਰੂ ਹੋ ਜਾਂਦੀ ਸੀ। ਇੰਜ ਸ਼ਾਮ ਦੀ ਚਾਹ ਦਾ ਵੇਲਾ ਹੋ ਜਾਂਦਾ ਅਤੇ ਖੇਡ ਦਾ ਭੋਗ ਪਾ ਦਿਤਾ ਜਾਂਦਾ।

ਡਿਉਢੀ ਨੂੰ ਝਾਤੀ ਮਾਰ ਮੈਂ ਖੱਬੇ ਹੱਥ ਦੇ ਬੂਹਿਓਂ ਵਿਹੜੇ ਵਿਚ ਪੈਰ ਰਖਿਆ, ਜਿਥੇ ਕਿ ਕਦੇ ਬੜੀ ਚਹਿਲ ਪਹਿਲ ਹੋਇਆ ਕਰਦੀ ਸੀ। ਏਥੇ ਵੜਦਿਆਂ ਹੀ ਖੱਬੀ ਗੁੱਠੇ ਇਕ ਨਲਕਾ (ਹੈਂਡ-ਪੰਪ) ਹੁੰਦਾ ਸੀ, ਇਹ ਅਜ ਏਥੇ ਨਹੀਂ ਸੀ। ਉਹਨੀਂ ਦਿਨੀਂ ਨਗਰ ਪਾਲਕਾ ਵਲੋਂ ਵਗਦੇ ਪਾਣੀ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਇਸੇ ਨਲਕੇ ਦਾ ਪਾਣੀ ਘਰ ਦੀਆਂ ਸਭੇ ਲੋੜਾਂ ਪੂਰੀਆਂ ਕਰਦਾ ਸੀ। ਪੀਣਾ, ਰਸੋਈ ਲਈ, ਨਹਾਉਣਾ, ਕਪੜੇ ਧੋਣਾ, ਵਿਹੜਾ ਧੋਣਾ ਆਦਿ।

ਵਿਹੜੇ ਦੇ ਪਰਲੇ ਪਾਸੇ ਇਕ ਲੰਮਾ ਕਮਰਾ ਹੈ। ਇਸ ਵਿਚ ਕਦੇ ਸਾਡੇ ਮਾਤਾ ਪਿਤਾ ਦੀ ਰਿਹਾਇਸ਼ ਹੁੰਦੀ ਸੀ, ਪਰ ਅਜ ਕਲ ਕਿਸੇ ਹੋਰ ਕੰਮ ਆਉਂਦਾ ਹੈ, ਇਸ ਕਮਰੇ ਦੇ ਮੂਹਰੇ ਵਰਾਂਡਾ ਹੈ ਜਿਸ ਦੇ ਖੱਬੀ ਨੁਕਰੇ ਆਮ ਰਸੋਈ ਦਾ ਕੰਮ ਕੀਤਾ ਜਾਂਦਾ ਸੀ ਤੇ ਵੈਸੇ ਰਸੋਈ ਇਸ ਵਰਾਂਡੇ ਦੇ ਦੂਸਰੇ ਕੋਨੇ ਵਿਚ ਹੁੰਦੀ ਸੀ। ਇਹ ਵੀ ਹੁਣ ਏਥੋਂ ਤਬਦੀਲ ਕਰ ਦਿਤੀ ਗਈ ਹੈ। ਏਸੇ ਰਸੋਈ ਦੇ ਨਾਲ ਇਕ ਢਕੀ ਹੋਈ ਖੂਹੀ ਹੁੰਦੀ ਸੀ, ਪਰ ਅਸੀਂ ਕਦੇ ਇਹਦਾ ਪਾਣੀ ਨਹੀਂ ਸੀ ਵਰਤਿਆ ਨਲਕਾ ਜੁ ਲਗ ਰਿਹਾ ਸੀ। ਇਹ ਖੂਹੀ ਪੁਰਾਣੇ ਸਮਿਆਂ ਦੀ ਸੂਚਕ ਸੀ, ਜਦੋਂ ਕਿ ਇਸ ਦਾ ਆਮ ਰਿਵਾਜ ਸੀ। ਹੁਣ ਤੇ ਨਲਕਿਆਂ ਦੀ ਥਾਂ ਵਗਦੇ ਪਾਣੀ ਦੀ ਸਹੂਲਤ ਹੋ ਗਈ ਹੈ। ਇਸ ਖੂਹੀ ਨੂੰ ਅਸੀਂ ਕਾਫੀ ਸਮਾਂ ਪਹਿਲਾਂ ਬੰਦ ਕਰਵਾ ਦਿਤਾ ਸੀ।

ਇਸ ਖੂਹੀ ਦੇ ਨਾਲੋਂ ਹੀ ਇਕ ਹੋਰ ਪਉੜੀ ਹੈ ਜੋ ਕਿ ਮਕਾਨ ਦੀ ਛੱਤ ਤੇ ਜਾਂਦੀ ਹੈ। ਗਰਮੀਆਂ ਦੇ ਦਿਨੀਂ ਅਸੀਂ ਸ਼ਾਮ ਦਾ ਖਾਣਾ ਏਸੇ ਪਉੜੀ ਰਾਹੀਂ ਉਪਰ ਲਿਜਾਂਦੇ ਸੀ ਤੇ ਛੱਤ ਤੇ ਬਹਿ ਸਭੇ ਛਕਦੇ ਸੀ। ਬਿਜਲੀ ਤੇ ਬਹੁਤ ਪਿਛੋਂ ਆਈ ਏ। ਉਹਨੀਂ ਦਿਨੀਂ ਲਾਲਟੈਨਾਂ ਨਾਲ ਹੀ



Sri Satguru Jagjit Singh Ji eLibrary NamdhariElibrary@gmail.com

ਕੰਮ ਸਾਰੀ ਦਾ ਸੀ। ਹੁਣ ਇਹ ਰਿਵਾਜ ਵੀ ਨਹੀਂ ਰਿਹਾ। ਬਹੁਤੇ ਲੋਕੀਂ ਕਮਰਿਆਂ ਦੇ ਅੰਦਰ ਹੀ ਬਿਜਲੀ ਦੇ ਪਖਿਆਂ ਹੇਠ ਸੌਂਦੇ ਹਨ, ਜਾਂ ਕੂਲਰ/ਏਅਰ ਕੰਡੀਸ਼ਨਰ ਲਾ ਲੈਂਦੇ ਹਨ।

ਇਸ ਪਉੜੀ ਦੇ ਸ਼ੁਰੂ ਹੋਣ ਵਾਲੀ ਥਾਂ ਦੇ ਨਾਲ ਹੀ ਇਕ ਹੋਰ ਕਮਰਾ ਹੈ—ਡਿਉਢੀ ਦੇ ਨਾਲ ਲਗਦਾ। ਜਦੋਂ ਵੀ ਮੈਂ ਛੁੱਟੀ ਆਉਂਦਾ ਤਾਂ ਆਪਣੇ ਪਰਿਵਾਰ ਸਣੇ ਮੈਂ ਏਸੇ ਕਮਰੇ ਵਿਚ ਰਹਿੰਦਾ ਸੀ।

ਇਸ ਖੂਹੀ ਵਾਲੀ ਕੰਧ ਵਿਚੋਂ ਇਕ ਬੂਹਾ ਕੱਢਿਆ ਹੋਇਆ ਸੀ, ਤਾਂ ਕਿ ਪਿਛਲੀ ਹੁਣੇ ਹੁਣੇ ਲਈ ਖੁਲੀ ਥਾਂ ਨੂੰ ਆਉਣ ਜਾਣ ਦੀ ਸੌਖ ਹੋ ਜਾਏ। ਇਸ ਖੁਲ੍ਹੀ ਥਾਵੇਂ ਛਾਂ ਲਈ ਧਰੇਕਾਂ ਲਾਈਆਂ ਹੋਈਆਂ ਸਨ। ਇਹ ਬੂਟ' ਵਾਤਾਵਰਨ ਨੂੰ ਸਵੱਛ ਰਖਣ ਵਿਚ ਵੀ ਸਹਾਇਕ ਹੁੰਦਾ ਹੈ। ਇਸ ਦੇ ਨਾਲ ਲਗਦੀ ਅਤੇ ਡਿਉਢੀ ਵਾਲੇ ਪਾਸੇ ਦੀ ਖੁਲ੍ਹੀ ਥਾਂ ਵੀ ਅਸੀਂ ਖਰੀਦ ਲਈ ਹੋਈ ਸੀ, ਜਿਹਨੂੰ ਰਲਾ ਕੇ ਇਕ ਖੁੱਲ੍ਹਾ ਡੁੱਲ੍ਹਾ ਵੇਹੜਾ ਬਣ ਗਿਆ ਸੀ। ਇਹ ਉਠਣ ਬੈਠਣ ਦੇ ਕੰਮ ਆਉਂਦਾ ਸੀ। ਪ੍ਰਾਹੁਣਿਆਂ ਨੂੰ ਵੀ ਏਸੇ ਪਾਸੇ ਬੈਠਾਈ ਦਾ ਸੀ। ਇਹ ਵੇਹੜਾ ਖੁਸ਼ੀਆਂ ਗਮੀਆਂ ਦੇ ਸਮਾਗਮਾਂ ਲਈ ਵੀ ਬੜਾ ਕਾਰਆਮਦ ਸੀ। ਮੈਨੂੰ ਯਾਦ ਹੈ ਕਿ ਸਾਡੇ ਪਿਤਾ ਜੀ ਦੇ ਸਵਰਗਵਾਸ ਹੋ ਜਾਣ ਤੇ ਭੋਗ ਦੀ ਆਖਰੀ ਰਸਮ ਏਸੇ ਵੇਹੜੇ ਵਿਚ ਕੀਤੀ ਗਈ ਸੀ। ਉਦੋਂ ਮੈਂ ਕਲਕਤਾ ਬਦਲ ਕੇ ਗਿਆ ਹੋਇਆ ਸੀ। ਪਿਤਾ ਜੀ ਦੀ ਮੌਤ ਦਾ ਸੁਣ ਕੇ ਮੈਂ, ਮੇਰੀ ਪਤਨੀ ਅਤੇ ਸਾਡਾ ਵੱਡਾ ਪੁੱਤਰ ਅਸੀਂ ਪਿੰਡ ਆਏ ਸੀ, ਇਸ ਕਾਰਜ ਲਈ।

ਮੇਰੇ ਪਿਤਾ ਜੀ ਆਮ ਕੱਦ ਦੇ ਪੁਰਸ਼ ਸਨ ਅਤੇ ਇਹਨਾਂ ਦਾ ਸਰੀਰ ਥੋੜਾ ਭਾਰੀ ਸੀ। ਇਹਨਾਂ ਨੂੰ ਸਿਖ ਇਤਿਹਾਸ ਦੀ ਕਾਫੀ ਜਾਣਕਾਰੀ ਸੀ। ਮੈਨੂੰ ਨੌਕਰੀ ਮਿਲਣ ਤੋਂ ਪਹਿਲਾਂ ਇਹੀ ਥਾਂ ਥਾਂ ਮੇਰੇ ਨਾਲ ਜਾਇਆ ਕਰਦੇ ਸਨ। ਮੌਤ ਤੋਂ ਕੁਝ ਸਮਾਂ ਪਹਿਲਾਂ ਹੀ ਉਹ ਸਾਡੇ ਕੋਲ ਕਲਕੱਤਾ ਆਏ ਹੋਏ ਸਨ।

ਛੁਟੀਆਂ ਖਤਮ ਹੋਣ ਤੇ ਸਾਡੇ ਬੱਚੇ ਆਪਣੇ ਆਪਣੇ ਸਕੂਲ ਚਲੇ ਗਏ, ਜਿਥੇ ਕਿ ਉਹ ਹੋਸਟਲਾਂ ਵਿਚ ਰਹਿੰਦੇ ਸਨ। ਸਾਡੇ ਪਿਤਾ ਜੀ ਨੂੰ ਇਹ ਚੰਗਾ ਨਾ ਲਗਿਆ ਤੇ ਪਿੰਡ ਵਾਪਸ ਜਾ ਕੇ ਸਾਡੀ ਮਾਤਾ ਜੀ ਨੂੰ ਤਨਜ਼ਨ ਕਹਿਣ ਲਗੇ: "ਮੇਲੋ" ਚਾਰ ਨਿੱਕੇ ਨਿੱਕੇ ਡੰਡੇ ਲਿਆ ਤੇ ਆਪਣੇ ਵਡੇ ਨੂੰਹ ਪੁਤਰ ਨੂੰ ਭੇਜ ਦੇ, ਤਾਂ ਕਿ ਉਹ ਗੜਗਾਲ੍ਹ ਖੇਡਿਆ ਕਰਨ।

ਸਾਡੇ ਘਰ ਉਹਨੀਂ ਦਿਨੀਂ ਬੜੀ ਰੌਣਕ ਹੋਇਆ ਕਰਦੀ ਸੀ। ਸਾਡੇ ਮਾਤਾ-ਪਿਤਾ ਸਨ, ਸਾਡਾ ਵਿਚਕਾਰਲਾ ਭਰਾ ਅਤੇ ਉਹਦਾ ਟੱਬਰ ਤੇ ਬੱਚੇ ਏਥੇ ਹੀ ਰਹਿੰਦੇ ਸਨ। ਛੁੱਟੀ ਮਿਲਣ ਤੇ ਮੈਂ ਵੀ ਆਪਣੇ ਪਰਿਵਾਰ ਸਣੇ ਆ ਜਾਂਦਾ ਸੀ ਤੇ ਸਾਡਾ ਛੋਟਾ ਭਰਾ ਵੀ ਸਣੇ ਪਰਿਵਾਰ ਬੰਬਈ ਤੋਂ ਆ ਜਾਇਆ ਕਰਦਾ ਸੀ। ਸਾਡਾ ਵਿਚਕਾਰਲਾ ਭਰਾ ਬੜੇ ਚੰਚਲ ਸੁਭਾ ਦਾ ਸੀ ਅਤੇ ਇਹਨੂੰ ਅਜੀਬ ਗੱਲਾਂ ਸੁਝਦੀਆਂ ਸਨ। ਇਕ ਵਾਰੀ ਅਸੀਂ ਸਾਰਾ ਟੱਬਰ ਇਕਠੇ ਹੋਏ ਸੀ ਕਿ ਇਕ ਦਿਨ ਇਹਨੂੰ ਸ਼ਰਾਰਤ ਸੁਝੀ।

ਮੇਰੇ ਕੋਲ ਆ ਕੇ ਮੇਰੇ ਕੰਨ ਵਿਚ ਕਿਹਾ: "ਭਾ ਜੀ ਤੁਸੀਂ ਮੇਰੇ ਹੌਲੀ ਜਿਹੀ ਚਪੇੜ ਮਾਰੋ।" ਮੈਂ ਇੰਜ ਹੀ ਕਰ ਦਿਤਾ। ਇਸ ਤੇ ਉਹਨੇ ਛੋਟੇ ਦੇ ਮੂੰਹ ਤੇ ਖਿੱਚ ਕੇ ਚਪੇੜ ਮਾਰ ਦਿਤੀ। ਹੈਰਾਨ ਹੋਏ ਛੋਟੇ ਨੇ ਕਿਹਾ, "ਇਹ ਕੀ?" ਅਸੀਂ ਵੀ ਸਾਰੇ ਹੈਰਾਨ ਸੀ ਤੇ ਮੰਝਲੇ ਨੇ ਸਫਾਈ ਪੇਸ਼ ਕੀਤੀ ਮੈਨੂੰ ਵਡੇ ਨੇ ਚਪੇੜ ਮਾਰੀ ਤੇ ਮੈਂ ਆਪਣੇ ਤੋਂ ਛੋਟੇ ਦੇ ਮਾਰ ਦਿਤੀ!" ਅਸੀਂ ਸਾਰੇ ਹੱਸ ਪਏ।

ਇਕ ਵਾਰੀ ਮੈਂ ਛੁੱਟੀ ਆਇਆ ਹੋਇਆ ਸੀ ਤੇ ਸਾਡੀ (ਇੱਕੋ-ਇੱਕ) ਭੈਣ ਵੀ ਆਈ ਹੋਈ ਸੀ। ਸਾਡਾ ਇਹ ਮੰਝਲਾ ਭਰਾ ਸ਼ਾਮ ਨੂੰ ਆਪਣੀ ਵਹੁਟੀ ਲਈ ਕੋਈ ਨਾ ਕੋਈ ਮਿੱਠੀ ਚੀਜ਼ ਬਜ਼ਾਰੋਂ ਲਿਆ ਡਿਉਢੀ ਵਿਚ ਰਖ ਦੇਂਦਾ ਹੁੰਦਾ ਸੀ ਅਤੇ ਰਾਤੀਂ ਉਪਰ ਜਾਂਦਿਆਂ ਲੈ ਜਾਂਦਾ ਸੀ ਤੇ ਦੋਵੇਂ ਮੀਆਂ ਬੀਬੀ ਖਾਇਆ ਕਰਦੇ ਸਨ। ਸ਼ੱਕ ਤੇ ਸਾਨੂੰ ਸਾਰਿਆਂ ਨੂੰ ਪੈ ਗਿਆ, ਪਰ ਇਕ ਦਿਨ ਇਹਨੂੰ ਡਿਉਢੀ ਵਿਚ ਮਠਿਆਈ ਛੁਪਾਂਦਿਆਂ ਸਾਡੀ ਭੈਣ ਨੇ ਵੇਖ ਲਿਆ ਅਤੇ ਵੇਲਾ ਤਾੜ ਕੇ ਇਹ ਲਫ਼ਾਫਾ ਚੁਕ ਲਿਆਈ। ਰੋਟੀ ਖਾ ਜਦੋਂ ਉਹ ਉਪਰ ਆਪਣੇ ਕਮਰੇ ਵਿਚ ਜਾਣ ਲਗਾ ਤਾਂ ਇਹ ਢੂੰਡਣ ਲਗ ਪਿਆ, ਪਰ ਮਿਲਣਾ ਕਿਥੇ ਸੀ! ਸਾਡਾ ਸਾਰਿਆਂ ਦਾ ਹਾਸਾ ਨਿਕਲ ਗਿਆ ਤੇ ਉਹ ਸ਼ਰਮਿੰਦਾ ਹੋ ਆਪਣੇ ਕਮਰੇ ਚਲਾ ਗਿਆ। ਅਜ ਉਸ ਮਠਿਆਈ ਦਾ ਆਨੰਦ ਅਸੀਂ ਸਾਰਿਆਂ ਨੇ ਮਾਣਿਆ।

ਉਹਨਾਂ ਦਿਨਾਂ ਦੀ ਹੀ ਇਕ ਹੋਰ ਗੱਲ ਯਾਦ ਆ ਗਈ। ਇਕ ਦਿਨ ਮੇਰੀ ਛੋਟੀ ਧੀ ਜੋ ਡਿਉਢੀ



Sri Satguru Jagjit Singh Ji eLibrary NamdhariElibrary@gmail.com

ਦੇ ਬਾਹਰਲੇ ਦਰਵਾਜ਼ੇ ਵਿਚ ਖਲੋਤੀ ਹੋਈ ਸੀ, ਨੇ ਗਲੀ ਵਿਚ ਜਾਂਦੇ ਕੁਝ ਖੋਤੇ ਵੇਖ ਲਏ ਤੇ ਦੌੜੀ ਦੌੜੀ ਅੰਦਰ ਆ ਮੇਰੇ ਪਿਤਾ ਜੀ ਨੂੰ ਕਹਿਣ ਲਗੀ "ਬਾਬਾ ਜੀ ! ਬਾਬਾ ਜੀ, ਵੇਖੋ ਗਲੀ ਵਿਚ ਕਿੰਨੇ ਦਵਿੰਦਰ ਜਾ ਰਹੇ ਹਨ !" ਸਾਡੇ ਪਿਤਾ ਜੀ ਬਾਹਰ ਗਏ ਤੇ ਖੋਤਿਆਂ ਨੂੰ ਵੇਖ ਮੁਸਕਦੇ ਅੰਦਰ ਆ ਕੇ ਕਹਿਣ ਲਗੇ "ਝੱਲੀ ਕੁੜੀ" (ਦਵਿੰਦਰ ਸਾਡੀ ਭੈਣ ਦਾ ਵੱਡਾ ਪੁੱਤਰ ਏ, ਜਿਸਦੇ ਕਿ ਨਿੱਕੇ ਹੁੰਦਿਆਂ ਲੱਛਣ ਕੁਝ ਇੰਜ ਦੇ ਹੀ ਸਨ ।)

ਸਾਡਾ ਮੰਝਲਾ ਭਰਾ ਕਾਫੀ ਚੋਕੰਨਾ ਪੁਰਸ਼ ਸੀ । ਇਸ ਦੀ ਇਕ ਨਿੱਕੀ ਜਿਹੀ ਝਾਕੀ ਯਾਦ ਆਉਂਦੀ ਹੈ । ਗਰਮੀਆਂ ਦੇ ਦਿਨ ਸਨ, ਮੈਂ ਛੁੱਟੀ ਆਇਆ ਸੀ, ਕਿ ਇਕ ਦਿਨ ਸਾਡਾ ਵੱਡਾ ਪੁੱਤਰ (੪-੫ ਸਾਲ ਦਾ) ਵੇਹੜੇ ਵਿਚ ਫਰਸ਼ ਤੇ ਨੰਗਾ ਹੀ ਲੇਟਿਆ ਹੋਇਆ ਸੀ । ਅਸੀਂ ਸਾਰਿਆਂ ਨੇ ਸਮਝਿਆ ਕਿ ਗਰਮੀ ਕਾਰਨ ਠੰਡੀ ਥਾਂ ਪਿਆ ਹੋਇਆ ਏ । ਪਰ ਉਹ ਇੱਟਾਂ ਦੇ ਵਿਚਕਾਰ ਵਿਰਲਾਂ ਵਿਚੋਂ ਖਰੋਚ ਖਰੋਚ ਮਿੱਟੀ ਖਾ ਰਿਹਾ ਸੀ । ਇੰਜ ਕਰਦੇ ਨੂੰ ਇਹਦੇ ਚਾਚੇ (ਸਾਡੇ ਮੰਝਲੇ ਭਰਾ) ਨੇ ਵੇਖ ਲਿਆ ਤੇ ਉਚੀ ਜਿਹੀ ਬੋਲਿਆ, "ਭਾਬੀ ਜੀ, ਕੇ. ਜੇ. ਮਿੱਟੀ ਖਾ ਰਿਹਾ ਹੈ ।" ਤੇ ਫੇਰ...... ।

ਮੈਂ ਖੂਹੀ ਵਾਲੇ ਪਾਸੇ ਕੱਢੇ ਦਰਵਾਜ਼ੇ ਰਾਹੀਂ ਪਾਰ ਗਿਆ ਤੇ ਕੀ ਵੇਖਦਾ ਹਾਂ ਕਿ ਵਿਹੜਾ ਕੁਝ ਸੁੰਗੜਿਆ ਹੋਇਆ ਹੈ । ਖਬੇ ਪਾਸੇ ਇਕ ਦੋ ਨਵੇਂ ਕਮਰੇ ਬਣੇ ਹੋਏ ਹਨ । ਏਥੇ ਹੀ ਨਲਕੇ ਤੇ ਮੋਟਰ ਲਗੀ ਹੋਈ ਏ, ਉਪਰ ਟੈਂਕੀ ਵਿਚ ਪਾਣੀ ਚੜ੍ਹਾਉਣ ਲਈ । ਇਸ ਟੈਂਕੀ ਵਿਚੋਂ ਪਾਈਪਾਂ ਰਾਹੀਂ ਗੁਸਲਖਾਨੇ, ਰਸੋਈ ਆਦਿ ਵਿਚ ਪਾਣੀ ਆਉਂਦਾ ਹੈ, ਜਦੋਂ ਇਸ ਪਾਸੇ ਇਹ ਨਵੀਂ ਤਾਮੀਰ ਨਹੀਂ ਸੀ ਹੁੰਦੀ, ਤਾਂ ਏਸੇ ਨਲਕੇ ਵਿਚੋਂ, ਕਈ ਸਾਲ ਪਹਿਲਾਂ, ਮੇਰੇ ਪਿਤਾ ਜੀ ਨੇ ਆਪਣੇ ਇਸ਼ਨਾਨ ਲਈ ਬਾਲਟੀ ਪਾਣੀ ਦੀ ਭਰੀ ਸੀ, ਪਰ ਇਸ਼ਨਾਨ ਕਰਨ ਦੀ ਆਗਿਆ ਰੱਬ ਵਲੋਂ ਨਹੀਂ ਸੀ ਮਿਲੀ । ਉਹ ਬਾਲਟੀ ਉਥੇ ਹੀ ਛੱਡ ਨੇੜੇ ਪਈ ਮੰਜੀ ਤੇ ਜਾ ਲੇਟੇ ਸਨ ਅਤੇ ਫੇਰ ਕਦੇ ਨਾ ਉਠੇ ।

ਜੀਵ ਨੂੰ ਕੀ ਪਤਾ ਕਿ ਉਹਦੇ ਸਵਾਸ ਕਦੋਂ ਤੇ ਕਿਥੇ ਮੁੱਕ ਜਾਣੇ ਹਨ, ਭਾਵੇਂ ਇਹ ਸਥਾਨ ਤੇ ਸਮਾਂ ਨਿਸਚਿਤ ਹੈ । ਮੌਤ ਪਰਮਾਤਮਾ ਨੇ ਆਪਣੇ ਹਥ ਰਖੀ ਹੋਈ ਹੈ । ਰੱਬ ਦੇ ਕੰਮਾਂ ਨੂੰ ਬੰਦਾ ਨਹੀਂ ਸਮਝ ਸਕਦਾ । ਇਹਨਾਂ ਦੇ ਭੋਗ ਦੀ ਆਖਰੀ ਰਸਮ ਸਮੇਂ ਖਬਰ ਆਈ ਕਿ ਸਾਡਾ ਵੱਡਾ ਪੁਤਰ ਮਰਚੰਟ ਨੇਵੀ ਦੀ ਸਿਖਲਾਈ ਲਈ ਅਤੇ ਛੋਟਾ ਫੌਜ ਲਈ ਐਨ. ਡੀ. ਏ. ਖੜਕਵਾਸਲਾ ਲਈ ਚੁਣੇ ਗਏ ਸਨ । ਪਰਮਾਤਮਾ ਦੇ ਕੰਮ ਅਜੀਬ ਹਨ ! ਖੁਸ਼ੀ ਅਤੇ ਗ਼ਮੀ ਨੂੰ ਰਲਾਈ ਜਾਂਦਾ ਹੈ ।

ਹਰ ਜੀਵ ਕੋਲ ਪੁਰਾਣੀਆਂ ਯਾਦਾਂ ਦਾ ਭੰਡਾਰ ਹੁੰਦਾ ਹੈ—ਕੁਝ ਹਾਸੇਵਾਲੀਆਂ, ਖੁਸ਼ੀ ਦੀਆਂ ਤੇ ਕੁਝ ਗ਼ਮੀ ਅਤੇ ਹੈਰਾਨੀਜਨਕ । ਇਹਨਾਂ ਵਿਚੋਂ ਜਿਹੜੀਆਂ ਲਿਖਤ ਵਿਚ ਆ ਜਾਣ ਇਤਿਹਾਸ ਬਣ ਜਾਂਦੀਆਂ ਹਨ । ਬਾਕੀ ਦੀਆਂ ਜੀਵ ਆਪਣੇ ਨਾਲ ਹੀ ਲੈ ਜਾਂਦਾ ਹੈ ਤੇ ਇਹ ਅਲੋਪ ਹੋ ਜਾਂਦੀਆਂ ਹਨ ।

੧੯੬-ਆਰ ਮਾਡਲ ਟਾਊਨ,
ਜਲੰਧਰ-੧੪੪੦੦੩

---

## ਗ਼ਜ਼ਲ

—ਕਰਤਾਰ ਸਿੰਘ ਪੰਛੀ—

ਸੋਚ ਹੀ ਕਰਦੀ ਸ਼ਰਾਰਤ ਸੋਚ ਕੇ,
ਦਿਲ ਵਿਚਾਰਾਂ ਐਵੇਂ ਹੀ ਬਦਨਾਮ ਹੈ ।

ਜੋ ਵੀ ਹਿੰਮਤ ਕਰਕੇ ਅੱਗੇ ਵਧ ਗਿਆ,
ਉਸ ਦਾ ਹੀ ਜੱਗ ਦੇ ਵਿਚ ਨਾਮ ਹੈ ।

ਉਹ ਤਾਂ ਬੰਦਾ ਹੈ ਖ਼ਜ਼ਾਨਾ ਗੁਣਾਂ ਦਾ,
ਸਮਝ ਨਾ ਬੈਠੀਂ ਕਿ ਉਹ ਗੁਮਨਾਮ ਹੈ ।

ਅੱਜ ਦੇ ਜੁੱਗ ਵਿਚ ਜੋ ਸੱਚੀ ਆਖਦੈ,
ਅਸਲ ਵਿਚ ਉਹ ਸੂਰਮਾ ਵਰਿਆਮ ਹੈ ।

ਉਹ ਤਾਂ ਸੂਲੀ ਚੜ੍ਹ ਕੇ ਵੀ ਲੱਲਕਾਰਦੈ,
ਸੂਰਮੇ ਦਾ ਇਹੋ ਹੀ ਇੰਜਾਮ ਹੈ ।

ਕ੍ਰਿਸ਼ਨ ਸੈਆਂ ਗੋਪੀਆਂ ਦਾ ਕਾਨ੍ਹ ਸੀ,
ਰਾਧਕਾ ਦੇ ਮਨ 'ਚ ਇਕੋ ਸ਼ਾਮ ਹੈ ।

ਜਿਹੜੇ ਦਰ ਨੇ 'ਪੰਛੀ' ਨੂੰ ਸਤਿਕਾਰਿਆ,
ਓਸ ਦਰ ਨੂੰ ਹੀ ਮੇਰੀ ਪ੍ਰਣਾਮ ਹੈ ।



Sri Satguru Jagjit Singh Ji eLibrary NamdhariElibrary@gmail.com

# ਪਿੰਡ ਦੀਆਂ ਯਾਦਾਂ (੭)

—ਗੁਰਦੇਵ ਸਿੰਘ ਹੰਜਰਾ

ਮੈਂ ਘੋੜੀ ਤੇ ਪਿੰਡ ਦੇ ਕਾਫਲੇ ਨਾਲ ਪਿੰਡੋਂ ਬਾਹਰ ਵਾਰ ਜਾ ਈ ਰਿਹਾ ਸੀ ਤਾਂ ਸੰਤ ਨੱਥਾ ਸਿੰਘ ਹੋਰਾਂ ਦੀ ਧਰਮ ਪਤਨੀ ਜਿਨ੍ਹਾਂ ਨੂੰ ਕੋਈ ਤਕਲੀਫ ਸੀ, ਤੁਰ ਨਹੀਂ ਸਨ ਸਕਦੇ, ਮਿਲ ਪਏ। ਮੈਂ ਘੋੜੀ ਤੋਂ ਉਤਰਿਆ ਤੇ ਉਨ੍ਹਾਂ ਨੂੰ ਘੋੜੀ ਤੇ ਬਿਠਾ ਦਿੱਤਾ ਤੇ ਪਿਛੇ ਉਹਨਾਂ ਦੇ ਪੁਤਰ ਜਗਦੀਸ਼ ਸਿੰਘ (ਵਰਿਆਮ) ਨੂੰ ਚੜ੍ਹਾ ਦਿਤਾ।

ਸਾਡੇ ਪਿੰਡ ਦਾ ਕਾਫਲਾ ਜਦੋਂ ਸਰਾਜ ਪਿੰਡ ਵਿਚ ਦੀ ਲੰਘ ਰਿਹਾ ਸੀ ਤਾਂ ਉਸ ਪਿੰਡ ਦੇ ਵੀ ਸਮਾਨ ਆਦਿ ਮਾੜਾ ਮੋਟਾ ਲੈ ਕੇ ਨਾਲ ਈ ਤੁਰ ਪਏ। ਸੋ ਪੂੰਗਾਂ ਵਾਲੇ, ਢੇ ਵਾਲੇ ਸਰਾਜ ਤੇ ਹੋਰ ਵੀ ਲਾਗੇ ਦੇ ਪਿੰਡ ਰਲਦੇ ਗਏ ਤੇ ਹਨੇਰਾ ਹੋਣ ਤੱਕ ਕਾਫਲਾ ਵੱਡਾ ਹੁੰਦਾ ਗਿਆ।

ਪਿੰਡ ਆਹਲੂਵਾਲ ਜਿਹੜਾ ਕਿ ਸਾਡੇ ਪਿੰਡ ਤੋਂ ਕੋਈ ਚਾਰ ਕੋਹ ਦੀ ਵਿੱਥ ਤੇ ਸੀ, ਉਥੇ ਅਪੜੇ। ਕੁਝ ਜਵਾਨ ਆਦਮੀ ਘੋੜੀਆਂ ਤੇ ਪਿੰਡ ਜਾਣ ਵਾਸਤੇ ਤਿਆਰ ਹੋਏ, ਰਾਤ ਕੱਟਣ ਵਾਸਤੇ। ਬਾਕੀ ਕਾਫਲੇ ਨੂੰ ਕਿਹਾ ਕਿ ਸਵੇਰੇ ਅਗੇ ਤੁਰਾਂਗੇ ਪਿੰਡ ਰਹਿ ਗਏ ਬੰਦਿਆਂ ਨੂੰ ਨਾਲ ਲੈ ਆਈਏ। ਮੈਂ ਵੀ ਆਪਣੀ ਘੋੜੀ ਤੇ ਤੁਰ ਪਿਆ ਤੇ ਹੌਲਦਾਰ ਹਜ਼ਾਰਾ ਸਿੰਘ ਮੇਰੇ ਨਾਲ ਚੜ੍ਹ ਬੈਠਾ। ਥੋੜ੍ਹਾ ਅੱਗੇ ਜਾ ਕੇ ਉਹ ਕਹਿਣ ਲੱਗਾ "ਕਿ ਤੂੰ ਇਥੇ ਰਹਿ ਮੈਂ ਬਾਕੀਆਂ ਨਾਲ ਜਾਂਦਾ ਹਾਂ। ਹੋ ਸਕਦਾ ਏ ਰਸਤੇ ਵਿਚ ਮੁਸਲਮਾਨ ਹਮਲਾ ਕਰ ਦੇਣ ਤੇ ਸਾਨੂੰ ਘੋੜੀਆਂ ਭਜਾਉਣੀਆਂ ਪੈਣ। ਦੋ ਜਣਿਆਂ ਨਾਲ ਘੋੜੀ ਨੂੰ ਮੁਸ਼ਕਿਲ ਹੋਵੇਗੀ, ਭੀੜ ਚੋਂ ਬਚਕੇ ਨਿਕਲਣਾ। ਮੈਂ ਘੋੜੀ ਤੇਰੇ ਪਿਤਾ ਜੀ ਨੂੰ ਦੇ ਦਿਆਂਗਾ।"

ਮੈਂ ਕਾਫਲੇ ਨਾਲ ਈ ਰਹਿ ਗਿਆ ਤੇ ਬਾਕੀ ਸਾਰੇ ਘੋੜੀਆਂ ਤੇ ਕੋਈ ਅੱਠ-ਦਸ ਜਣੇ ਪਿੰਡ ਅੱਪੜ ਗਏ ਤੇ ਓਥੇ ਰਹਿੰਦਿਆਂ ਨੂੰ ਕਿਹਾ ਕਿ "ਹੁਣ ਤੁਹਾਡਾ ਇਥੇ ਰਹਿਣਾ ਠੀਕ ਨਹੀਂ ਚਲੋ ਚਲੀਏ।"

ਪਿੰਡ ਸਾਰਾ ਖਾਲੀ ਹੋ ਗਿਆ ਸੀ ਸਿਰਫ ਇਹੋ ੧੦-੧੫ ਆਦਮੀ ਪਿਛੇ ਸਨ। ਤੁਰਨ ਲਗਿਆਂ ਪਿਤਾ ਜੀ ਨੂੰ ਗੰਗਾ ਸਿੰਘ ਕਹਿਣ ਲੱਗਾ "ਸੂਬੇਦਾਰ ਜੀ ਪਿੰਡ ਵੱਲ ਨੂੰ ਦੋ ਫੇਰ ਕਰ ਦਿਓ।" ਉਹਨਾਂ ਅੱਗੋਂ ਕਿਹਾ—"ਗੰਗਾ ਸਿੰਘ ਫੇਰ ਕਰਨ ਦਾ ਅੱਧੀ ਰਾਤੀਂ ਕੋਈ ਫਾਇਦਾ ਨਹੀਂ। ਇਕ ਤਾਂ ਗੋਲੀਆਂ ਫਜ਼ੂਲ ਜਾਣਗੀਆਂ, ਦੂਜਾ ਪਿੰਡ ਵਿਚੋਂ ਮੁਸਲਮਾਨ ਪਹਿਲਾਂ ਈ ਨਿਕਲ ਗਏ ਹਨ। ਆਪਣੇ ਆਪਣੇ ਜੀਆਂ ਨਾਲ ਚਲੋ।" ਪਿਤਾ ਜੀ ਨੇ ਅਜੀਤ ਨੂੰ ਘੋੜੀ ਤੇ ਪਿਛੇ ਬਿਠਾਇਆ ਤੇ ਇਕੱਲੇ ਈ ਰਾਤ ਦੇ ਹਨੇਰੇ ਵਿਚ ਭਾਗੋ ਝਿਊਰੀ ਪਿੰਡ ਬਾਕੀ ਪਰਿਵਾਰ ਨਾਲ ਜਾ ਮਿਲੇ। ਹੌਲਦਾਰ ਹਜ਼ਾਰਾ ਸਿੰਘ, ਜਿਹੜੇ ਕਿ ਮੇਰੇ ਬਰਾਦਰੀ 'ਚੋਂ ਭਰਾ ਈ ਲਗਦੇ ਨੇ ਕਿਹਾ "ਸੂਬੇਦਾਰ ਜੀ ਗੁਰਦੇਵ ਦਾ ਫਿਕਰ ਨਾ ਕਰਨਾ ਸਾਡੇ ਨਾਲ ਈ ਏ।" ਬਾਕੀ ਸਾਰੇ ਆਦਮੀ ਪਿੰਡ ਦੇ ਕਾਫਲੇ ਨਾਲ ਦਿਨ ਚੜ੍ਹਨ ਤੋਂ ਪਹਿਲਾਂ ਈ ਆ ਰਲੇ।

ਮੈਨੂੰ ਆ ਕੇ ਜਦੋਂ ਸਾਰਾ ਹਾਲ ਹੌਲਦਾਰ ਹਜ਼ਾਰਾ ਸਿੰਘ ਨੇ ਦਸਿਆ ਤਾਂ ਮੈਂ ਬਹੁਤ ਫਿਕਰ ਵਿਚ ਸੀ ਕਿ ਪਤਾ ਨਹੀਂ ਪਰਿਵਾਰ ਦਾ ਕੀ ਬਣਿਆ ਏ, ਕਿਥੇ ਹੋਣਗੇ? ਪਿਤਾ ਜੀ ਤੇ ਅਜੀਤ ਉਹਨਾਂ ਨਾਲ ਜਾ ਰਲੇ ਨੇ ਜਾਂ ਕੀ ਹੋਇਆ ਏ। ਕਈ ਤਰ੍ਹਾਂ ਦੇ ਦਿਲ ਵਿਚ ਖਿਆਲ ਆਉਂਦੇ ਸੀ।

ਭਾਵੇਂ ਸਾਰਾ ਪਿੰਡ ਨਿਕਲ ਗਿਆ ਸੀ, ਪਰ ਫੇਰ ਵੀ ਬਹੁਤ ਸਾਰੇ ਜੀਅ ਬਜ਼ੁਰਗ ਜ਼ਨਾਨੀਆਂ ਤੇ ਆਦਮੀ ਪਿਛੇ ਰਹਿ ਗਏ ਜਿਹੜੇ ਘਰਦਿਆਂ ਦੇ ਆਖਣ ਤੇ ਵੀ ਨਹੀਂ ਨਿਕਲੇ। ਇਕ ਤਾਂ ਉਹ ਸੋਚਦੇ ਸਨ ਸਾਨੂੰ ਕਿਸੇ ਨੇ ਕੀ ਕਹਿਣਾ ਏ। ਦੂਸਰਾ ਘਰ-ਬਾਰ ਦਾ ਮੋਹ ਨਹੀਂ ਛਡਿਆ ਗਿਆ। ਤੀਸਰਾ ਇਹੋ ਖਿਆਲ ਸੀ ਕਿ ਕਿਥੇ ਜਾਣਾ ਏ ਚਾਰ ਦਿਨ ਰੌਲਾ ਪੈ ਕੇ ਠੰਡਾ ਹੋ ਜਾਵੇਗਾ ਤੇ ਸਾਰੇ ਵਾਪਸ ਆ ਜਾਣਗੇ। ਪਰ ਕੀ ਪਤਾ ਜਿਹੜਾ ਮਜ਼ਹਬੀ ਜਨੂੰਨ ਸਵਾਰ ਹੋ ਚੁਕਾ ਸੀ, ਉਹ ਬਜ਼ੁਰਗ, ਬੱਚੇ ਜਾਂ ਜਨਾਨੀਆਂ ਦਾ ਕੋਈ ਲਿਹਾਜ ਨਹੀਂ ਸੀ ਕਰ ਰਿਹਾ। ਸੋ ਪਤਾ ਲਗਾ ਕਿ ਅਖੀਰ ਸਾਰੇ ਮਾਰੇ ਗਏ।

### ਕੌਣ ਕੌਣ ਮਾਰੇ ਗਏ ਪਿੰਡ ਵਿਚ :

ਪਿੰਡ ਵਿਚ ਜਿਹੜੇ ਬਜ਼ੁਰਗ ਰਹਿ ਗਏ ਸਨ ਉਹਨਾਂ ਵਿਚ ਬਾਬਾ ਕੇਸਰ ਸਿੰਘ (ਗੋਗੜੀਆ), ਉਹਨਾਂ ਦੇ ਘਰੋਂ (ਗੰਗਾ ਸਿੰਘ ਦੇ ਮਾਤਾ ਪਿਤਾ), ਫਤੇਹ ਸਿੰਘ, ਵਧਾਵਾ ਸਿੰਘ, ਲੱਭੂ ਨਾਈ। ਇਸ ਤਰ੍ਹਾਂ ਕੋਈ ੨੦-੨੨ ਬੁਢੇ-ਬੁਢੀਆਂ ਪਿੰਡ ਵਿਚ ਰਹਿ ਗਏ ਤੇ ਮਾਰੇ ਗਏ। ਇਹ ਪਤਾ ਨਹੀਂ ਲਗਾ ਕਿ ਮੁਸਲਮਾਨਾਂ ਨੇ ਕਿਸ ਤਰ੍ਹਾਂ ਤੇ ਕਿੰਨੇ ਦਿਨ ਪਿਛੋਂ ਮਾਰੇ? ਪਰ ਮਾਰ ਜ਼ਰੂਰ ਦਿਤੇ ਗਏ।

ਅਗਲੇ ਦਿਨ ਸਵੇਰ ਨੂੰ ਕਾਫ਼ਲਾ ਅਗੇ ਤੁਰ ਪਿਆ।



Sri Satguru Jagjit Singh Ji eLibrary NamdhariElibrary@gmail.com

ਹੁਣ ਤਕ ਬਹੁਤ ਸਾਰੇ ਪਿੰਡ ਕਾਫ਼ਲੇ ਨਾਲ ਰਲ ਚੁਕੇ ਸਨ—ਆਹਲੂਵਾਲ (ਵੱਡਾ ਤੇ ਛੋਟਾ), ਗੰਥੋਂਵਾਲੀ, ਖੰਗੂੜੇ ਗੋਤਾ, ਖਾਨੋਵਾਲ, ਮਾਨਕ, ਸੇਖਵਾਂ, ਸਿਧਕਾਂ—ਗੱਲ ਕੀ ਸਾਰਾ ਇਲਾਕਾ ਈ ਹਿੱਲ ਗਿਆ ਸੀ ਤੇ ਰਾਤ ਡਫਰਵਾਲ ਆਣ ਅੱਪੜੇ। ਸਾਰੇ ਲੋਕਾਂ ਨੇ ਖਾਣ ਦਾ ਥੋੜ੍ਹਾ ਬਹੁਤ ਬੰਦੋਬਸਤ ਕੀਤਾ ਹੋਇਆ ਸੀ। ਕਿਸੇ ਨੇ ਰੋਟੀਆਂ ਕਿਸੇ ਨੇ ਕੋਈ ਹੋਰ ਚੀਜ਼, ਕੁਝ ਨਾ ਕੁਝ ਬੱਚਿਆਂ ਵਾਸਤੇ ਜਾਂ ਪਰਿਵਾਰ ਵਾਸਤੇ ਇਕ ਅੱਧ ਦਿਨ ਦੀ ਭੁੱਖ ਮਿਟਾਉਣ ਲਈ ਕੀਤਾ ਸੀ। ਮੈਂ ਇਕੱਲਾ ਹੋਣ ਕਰਕੇ ਬਹੁਤ ਉਦਾਸ ਸੀ ਤੇ ਜਦੋਂ ਤੋਂ ਘਰੋਂ ਨਿਕਲੇ ਸੀ ਕੁਝ ਨਹੀਂ ਸੀ ਖਾਧਾ, ਨਾ ਦਿਲ ਈ ਕਰਦਾ ਸੀ। ਡਫਰਵਾਲ ਹਨੇਰੇ ਵਿਚ ਬੈਠਾ ਸੀ ਤਾਂ ਕਿਸੇ ਮੇਰੇ ਮਿੱਤਰ ਨੇ ਕੁਝ ਖਾਣ ਨੂੰ ਦਿਤਾ ਤੇ ਪੈਰੀਂ ਪਾਉਣ ਨੂੰ ਵੀ। ਨਾਲੇ ਹੌਸਲਾ ਦਿਤਾ ਕਿ ਫਿਕਰ ਨਾ ਕਰ ਘਰ ਦੇ ਜੀਅ ਜ਼ਰੂਰ ਮਿਲ ਪੈਣਗੇ।

### ਕਾਫ਼ਲਾ ਦੋ ਹਿੱਸਿਆਂ ਵਿਚ ਹੋ ਗਿਆ :

ਇਥੇ ਕਾਫ਼ਲੇ ਦੇ ਦੋ ਹਿੱਸੇ ਹੋ ਗਏ। ਇਕ ਜੰਮੂ ਤੁਰ ਗਿਆ ਤੇ ਦੂਜਾ ਧਮਥਲ ਤੋਂ ਹੁੰਦਾ ਹੋਇਆ ਨਾਰੋਵਾਲ ਰਾਤ ਨੂੰ ਅੱਪੜ ਗਿਆ। ਜੰਮੂ ਵਾਲੇ ਕਾਫਲੇ ਤੇ ਰਸਤੇ ਵਿਚ ਹਮਲਾ ਹੋ ਗਿਆ ਤੇ ਭੱਜ-ਦੌੜ ਮੱਚ ਗਈ। ਉਸ ਕਾਫਲੇ ਵਿਚ ਮੇਰੀ ਮਾਸੀ ਪਰਕਾਸ਼ ਕੌਰ ਸੀ। ਜਦੋਂ ਹਮਲਾ ਹੋਇਆ ਤਾਂ ਉਹਨੇ ਖੂਹ ਵਿਚ ਛਾਲ ਮਾਰ ਦਿਤੀ। ਇਕ ਛੋਟੀ ਲੜਕੀ ਦੀਸ਼ ਭਗਦੜ ਮੱਚਨ ਨਾਲ ਗਵਾਚ ਗਈ, ਦੂਜੀ ਲੜਕੀ ਪਿਆਰਾ ਸਿੰਘ ਨੇ ਉਂਗਲੀ ਲਾਈ ਹੋਈ ਸੀ ਤੇ ਲੜਕਾ ਅਵਤਾਰ ਸਿੰਘ ਉਹਨੇ ਕੁੱਛੜ ਚੁਕਿਆ ਹੋਇਆ ਸੀ। ਇਹ ਸਾਰੇ ਨਿਖੜ ਗਏ। ਅਗਲੇ ਦਿਨ ਮੁਸਲਮਾਨਾਂ ਨੇ ਅਚਾਨਕ ਖੂਹ ਵਿਚ ਝਾਤੀ ਮਾਰੀ ਤਾਂ ਮਾਸੀ ਪਰਕਾਸ਼ੋ ਮਾਹਲ ਨਾਲ ਟਿੰਡਾਂ ਨੂੰ ਹੱਥ ਪਾਈ ਖੜੀ ਸੀ। ਉਹ ਬਾਹਰ ਕੱਢ ਕੇ ਘਰ ਲੈ ਗਏ। ਓਥੇ ਉਹਨਾਂ ਦੀ ਮਾਤਾ ਕੋਈ ਰੱਬ ਦੇ ਨਾ ਵਾਲੀ ਸੀ। ਦੋ ਚਾਰਦਿਨ ਸੇਵਾ ਕਰਕੇ ਜੰਮੂ ਦਾ ਬਾਡਰ ਲੰਘਾ ਗਏ। ਲੜਕੀ ਵੀ ਦੋ ਢਾਈ ਸਾਲ ਪਿਛੋਂ ਮਿਲ ਗਈ। ਉਹ ਸਾਰਾ ਕਾਫਲਾ ਜੰਮੂ ਦੀ ਹੱਦ ਅੰਦਰ ਦਾਖਲ ਹੋ ਗਿਆ। ਉਹਨਾਂ ਦਿਨਾਂ ਵਿਚ ਜੰਮੂ, ਪਠਾਨਕੋਟ ਸੜਕ ਕੱਚੀ ਹੁੰਦੀ ਸੀ ਤੇ ਸਾਰਾ ਰਾਹ ਉਜਾੜ ਈ ਸੀ। ਅੱਜ ਕਲ ਤਾਂ ਇਹ ਜਰਨੈਲੀ ਸੜਕ ਬਣ ਚੁਕੀ ਏ।

### ਰਾਵੀ ਦੇ ਪੁਲ ਥਾਣੀ ਆਉਣ ਵਾਲਾ ਕਾਫਲਾ :

ਦੂਸਰਾ ਕਾਫਲਾ ਨਾਰੋਵਾਲ ਰਾਤ ਨੂੰ ਅੱਪੜ ਗਿਆ। ਰਸਤੇ ਦੇ ਪਿੰਡ ਵੀ ਉਠਦੇ ਗਏ ਤੇ ਸੇਖਵਾਂ ਵਾਲਿਆਂ ਸੰਤਾਂ ਨੇ ਕਾਫਲੇ ਦੀ ਅਗਵਾਈ ਕੀਤੀ। ਕਾਫਲੇ ਦੇ ਪਿਛੇ ਦੋਹਾਂ ਪਾਸਿਆਂ ਤੇ ਨੌਜਵਾਨਾਂ ਦੀ ਡਿਊਟੀ ਲਾ ਦਿਤੀ ਤਾਂ ਕਿ ਹਮਲਾ ਹੋਣ ਤੇ ਕਾਫਲੇ ਦੀ ਹਿਫਾਜ਼ਤ ਕੀਤੀ ਜਾਵੇ। ਹੁਣ ਕਾਫਲਾ ਲੱਖ ਤੋਂ ਵੀ ਉਤੇ ਗਿਣਤੀ ਵਿਚ ਹੋ ਗਿਆ ਸੀ।

ਉਹਨਾਂ ਦਿਨਾਂ ਵਿਚ ਬਾਰਸ਼ ਵੀ ਹੋ ਰਹੀ ਸੀ, ਚਿੱਕੜ ਚਬੜ ਵੀ ਕਾਫੀ ਸੀ, ਸੜਕ ਵੀ ਕੱਚੀ ਸੀ। ਨਾਰੋਵਾਲ ਦੋ ਰਾਤਾਂ ਰੁਕਣਾ ਪਿਆ। ਖਾਲਸਾ ਹਾਈ ਸਕੂਲ ਜਿਹੜਾ ਸ਼ਹਿਰ ਤੋਂ ਬਾਹਰਵਾਰ ਭੁਤਨਪੁਰੇ ਮਹੱਲੇ ਵਿਚ ਸੀ ਮਿਲਟਰੀ ਨੇ ਨਾਕਾ ਲਾਇਆ ਹੋਇਆ ਸੀ। ਉਸ ਮੁਸਲਮਾਨ ਮਿਲਟਰੀ ਨੇ ਕਾਫਲੇ ਦੀ ਤਲਾਸ਼ੀ ਲੈਣੀ ਚਾਹੀ। ਸੰਤਾਂ ਸੇਖਵਾਂ ਵਾਲਿਆਂ) ਨੇ ਕਿਹਾ ਕਿ "ਸਾਡੇ ਕੋਲ ਕੀ ਏ ਜਿਸ ਦੀ ਤੁਸੀਂ ਤਲਾਸ਼ੀ ਲੈਣੀ ਚਾਹੁੰਦੇ ਹੋ। ਇਸੇ ਰੋੜਕੇ ਕਰਕੇ ਕਾਫਲੇ ਨੂੰ ਦੋ ਦਿਨ ਬਾਰਸ਼ ਵਿਚ ਰਹਿਣਾ ਪਿਆ। ਸਿਰ ਲਕਾਉਣ ਨੂੰ ਕੋਈ ਥਾਂ ਨਹੀਂ ਸੀ। ਨੀਲੀ ਛੱਤਰੀ ਵਾਲੇ ਦੀ ਛਤਰ ਛਾਇਆ ਹੇਠ ਬਾਰਸ਼ ਪੈ ਰਹੀ ਸੀ।

ਨਜ਼ਦੀਕ ਵਾਲੇ ਪਿੰਡ ਜਿਸ ਤਰ੍ਹਾਂ, ਛੋਟਾਵਾਲ, ਜਾਜਨਵਾਲ, ਆਦਿ, ਜਿਹੜੇ ਵੀ ਮੀਲ ਅੱਧ ਮੀਲ ਤਕ ਕਾਫਲੇ ਤੋਂ ਸਨ, ਖਾਲੀ ਪਏ ਸਨ ਕਿਉਂਕਿ ਹਿੰਦੂ ਸਿਖ ਕਾਫਲੇ ਵਿਚ ਰਲ ਗਏ ਸੀ। ਮੁਸਲਮਾਨ ਕਾਫਲੇ ਤੋਂ ਡਰਦੇ ਪਿੰਡਾਂ ਚੋਂ ਨਿਕਲ ਗਏ ਸੀ। ਨੌਜਵਾਨਾਂ ਨੇ ਇਹਨਾਂ ਪਿੰਡਾਂ ਵਿਚੋਂ ਖਾਣ ਪੀਣ ਦਾ ਬੰਦੋਬਸਤ ਖੀਤਾ। ਭੜੋਲਿਆਂ ਚੋਂ ਕਣਕ, ਲਿਆਂਦੀ ਉਬਾਲ ਕੇ ਖਾਦੀ। ਕੋਈ ਚੌਲ ਲੈ ਆਇਆ ਕਿਸੇ ਅਚਾਰ ਦਾ ਭਾਂਡਾ ਚੁਕ ਲਿਆਂਦਾ ਜੋ ਕਿਸੇ ਨੂੰ ਮਿਲਿਆ ਲਿਆ ਕੇ ਆਪ ਖਾਧਾ ਨਾਲ ਦਿਆਂ ਨੂੰ ਦਿਤਾ ਤੇ ਸਾਰੇ ਕਾਫਲੇ ਨੇ ਕੁਝ ਨਾ ਕੁਝ ਖਾ ਕੇ ਭੁਖ ਮਿਟਾਈ। ਉਹਨਾਂ ਦਿਨਾਂ ਵਿਚ ਭੁਖ ਵੀ ਨਹੀਂ ਸੀ ਲਗ ਰਹੀ। ਘਰ ਬਾਹਰ ਛਡਿਆ ਹੋਇਆ ਸੀ ਕਈਆਂ ਦੇ ਜੀਅ ਨਿੱਖੜੇ ਹੋਏ ਸੀ। ਉਤੋਂ ਬਾਰਸ਼ ਉਧਰ ਹਮਲਿਆਂ ਦਾ ਡਰ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਵਿਹਲ ਦਾ ਰੁਝੇਵਾਂ

★ਜਗਦੀਸ਼ ਸਿੰਘ

ਨਾ ਰਾਵਲਪਿੰਡੀ ਦੀ ਗਲੀਆਂ ਵਿਚ 'ਜਿਨਕਬਾਦ' (ਇਨਕਲਾਬ ਜ਼ਿੰਦਾਬਾਦ) ਕਰਦਿਆਂ ਅਤੇ ਨਾ ਆਪਣਾ ਘਰ ਬਾਰ ਤੇ ਇਲਾਕਾ ਛੱਡ ਕੇ ਜਲੰਧਰ ਆਉਣ ਤੇ ਹੀ ਪਤਾ ਲਗਾ ਕਿ ਇਨਕਲਾਬ ਆ ਗਿਆ ਹੈ । ਕਦੇ ਅਸੀਂ ਬੱਚੇ ਲੋਕ ਇਕ ਪਰਚਾਰਕ ਦੇ ਇਸ ਕਥਨ ਤੇ ਹਸਦੇ ਹੁੰਦੇ ਸੀ, "ਇਕ ਰਾਜਾ ਸੀ । ਉਸ ਦੀ ਮਾਂ ਕੋਲ ਪੈਸੇ ਨਹੀਂ ਸਨ... ।" ਅਸੀਂ ਹੈਰਾਨ ਹੁੰਦੇ ਕਿ ਰਾਜੇ ਦੀ ਮਾਂ ਕੋਲ ਪੈਸੇ ਕਿਉਂ ਨਹੀਂ ਸਨ । ਇਹ ਤਾਂ ਅਨਹੋਣੀ ਗਲ ਹੈ । ਪਰ ਹੁਣ ਵੇਖ ਲਿਆ ਸੀ ਕਿ ਰਾਜੇ ਦੀ ਮਾਂ ਤਾਂ ਕਿਤੇ ਰਹੀ ਖੁਦ ਰਾਜਿਆਂ ਕੋਲ ਪੈਸੇ ਨਹੀਂ ਸਨ ਰਹੇ । ਸ਼ਾਇਦ ਸਹੀ ਅਰਥਾਂ ਵਿਚ ਇਨਕਲਾਬ ਨਾ ਹੋਵੇ । ਪਰ ਜੁਗ ਗਰਦੀ ਜ਼ਰੂਰ ਸੀ । ਏਨੀ ਕਤਲੋਗਾਰਤ ਅਤੇ ਏਨੀ ਖਲਕਤ ਦੇ ਤਬਾਦਲੇ ਦੇ ਬਾਵਜੂਦ ਮੈਨੂੰ ਸੁਪਨੇ ਆਉਣੇ ਪਿੰਡ ਦੀਆਂ ਗਲੀਆਂ ਦੇ । ਛਪੜ ਦੇ, ਪਹਿਆਂ ਦੇ ਸਲੀਮੇ ਅਤੇ ਹੋਰ ਯਾਰਾਂ ਦੇ । ਉਦੋਂ ਇਹ ਕੀਹ ਪਤਾ ਸੀ ਕਿ ਅਸੀਂ ਆਪਣੇ ਪਿੰਡ ਤੋਂ ਹੀ ਨਹੀਂ ਸਗੋਂ ਕਿਸੇ ਵੀ ਪਿੰਡ ਦੀ ਸਵਛ ਹਵਾ ਤੋਂ ਸਦਾ ਲਈ ਟੁਟ ਗਏ ਹਾਂ । ਜੇ ਕਿਤੇ ਕੋਈ ਪੁਰਾਣਾ ਵਾਕਿਫਕਾਰ ਮਿਲ ਜਾਣਾ ਤਾਂ ਧਰਵਾਸ ਮਿਲਣੀ । ਇਕ ਦਿਨ ਜਲੰਧਰ ਦੀ ਸੜਕ ਤੇ ਰਾਵਲਪਿੰਡੀ ਪ੍ਰਾਇਮਰੀ ਸਕੂਲ ਵਾਲੇ ਹੈਡਮਾਸਟਰ ਸਾਹਿਬ ਮਿਲ ਪਏ । ਮੈਨੂੰ ਚਾਅ ਚੜ੍ਹ ਗਿਆ । ਦੋ ਮਿੰਟ ਦੀ ਸਤਿ ਸ੍ਰੀ ਅਕਾਲ ਬਾਦ ਫੇਰ ਉਹ ਸਦਾ ਲਈ ਓਹ ਗਏ ਹੋ ਗਏ ।

ਜਲੰਧਰ ਹੈ ਤਾਂ ਮੇਰੇ ਮਾਮਾ ਜੀ ਦਾ ਘਰ ਸੀ ਪਰ ਆਲੇ ਦੁਆਲੇ ਦਾ ਵਾਤਾਵਰਨ ਹੋਰ ਤਰ੍ਹਾਂ ਦਾ ਲਗਦਾ ਸੀ । ਰਹਿਣ ਸਹਿਣ ਦਾ ਫਰਕ ਅਤੇ ਬੋਲੀ ਦੀ ਸਮਸਿਆ ਸੀ । ਉਂਝ ਹੋਰ ਵੀ ਤਾਂ ਬਹੁਤ ਸਾਰੀਆਂ ਪੰਜਾਬ ਦੀਆਂ ਬੋਲੀਆਂ ਸੁਨਣ ਨੂੰ ਮਿਲ ਰਹੀਆਂ ਸਨ ਪਰ ਸਾਡੀ ਸਿਆਲਕੋਟੀ ਬੋਲੀ ਵੀ ਘਟ ਮਖੌਲ ਦਾ ਕਾਰਨ ਨਹੀਂ ਸੀ । ਮੈਂ ਡਿਆਂ ਹੋਇਆਂ ਵਾਂ, ਕੀ ਕਰਨ ਡਿਐਂ, ਆਹੋ, ਹਲਾਅ-ਅ ਇਹ ਸਾਰੇ ਸ਼ਬਦ ਜਿਹੜੇ ਸਾਡੀ ਬੋਲ ਚਾਲ ਦਾ ਹਿਸਾ ਸਨ ਸ਼ਿੰਗਾਰ ਸਨ ਇਥੇ ਮੌਜੂ ਦਾ ਕਾਰਨ ਸਨ । ਬੱਚੇ ਤਾਂ ਇਹ ਸ਼ਬਦ ਸੁਣ ਕੇ ਹਸਨੋਂ ਹੀ ਨਾ ਹਟਦੇ । ਅਸੀਂ ਅਕਸਰ ਗਲਾਂ ਕਰਦੇ ਆਖਦੇ "ਕਿਹਾ ਸੂ" "ਵੇਖਿਆ ਸੂ ।" ਦੂਜੇ ਬੱਚੇ ਹਰ ਗਲ ਵਿਚ ਸੂ ਲਾ ਕੇ ਤੇ 'ਡਿਐਂ' ਆਖ ਕੇ ਮਖੌਲ ਉਡਾਉਂਦੇ । ਭਾਵੇਂ ਫਿਕਰਾ ਵੀ ਗਲਤ ਬਣਦਾ ਪਰ ਉਹਨਾਂ ਬਹੁਤਿਆਂ ਦੇ ਹਾਸੇ ਅਗੇ ਅਸੀਂ ਵਿਚਾਰੇ ਜਿਹੇ ਬਣ ਜਾਂਦੇ । ਸਾਡੇ ਵਾਸਤੇ ਦੁਆਬੇ ਦੀ ਬੋਲੀ ਦੇ ਪਿਆਰੇ ਸ਼ਬਦ ਅਜੀਬ ਲਗਦੇ । ਮੋਹਰੇ ਗੱਭੇ ਤਾਂ ਸਮਝ ਹੀ ਨਾ ਲਗਦੇ । ਹਰ ਗਲ ਤੇ ਸਾਲਾ ਸਾਲੀ ਦਾ ਪਰਯੋਗ ਹੁੰਦਾ ਵੇਖ ਕੇ ਹੈਰਾਨੀ ਹੁੰਦੀ । ਇਕ ਦਿਨ ਪਿਤਾ ਜੀ ਦਾ ਵਾਕਫਕਾਰ ਉਹਨਾਂ ਨੂੰ ਕਹਾਣੀਆਂ ਸੁਣਾ ਰਿਹਾ ਸੀ, "ਕੇਸਰੋ ਗਵਾਚ ਗਈ ਸਾਲੀ ਲਜੇ ਈ ਨਾ । ਹੁਣ ਆਪਣੀ ਧੀ ਨੂੰ ਸਾਲੀ ਕਹਿੰਦਿਆਂ ਸੁਣ ਕੇ ਅਸੀਂ ਹੈਰਾਨ ਹੋਣਾ । ਮਾਂ ਪਿਓ ਨੂੰ ਸਾਲਾ ਬੁੜਾ, ਸਾਲੀ ਬੁੜੀ ਆਖਦਿਆਂ ਸੁਨਣਾ ਵੀ ਅਸਚਰਜ ਲਗਣਾ । ਇਕ ਦਿਨ ਤਾਂ ਅਸੀਂ ਸੁੰਨ ਹੀ ਹੋ ਗਏ । ਸਾਡੇ ਇਕ ਦੋਸਤ ਬਚੇ ਜੰਗੀ ਦੀ ਮਾਂ ਬੜੇ ਦੁਖ ਨਾਲ ਦਸ ਰਹੀ ਸੀ ਕਿ ਮੇਰੀ ਡੂਈ ਦੁਖਦੀ ਪਈ ਹੈ । ਸਾਰਿਆਂ ਵਿਚ ਉਸ ਆਖਿਆ ਸੀ ਬੇਬਾਕੀ ਨਾਲ ਪਰ ਉਸ ਦੀ ਗਲ ਸੁਣ ਕੇ ਅਸੀਂ ਸ਼ਰਮਾ ਗਏ । ਸਾਡੇ ਲਈ ਇਹ ਬਹੁਤ ਬੇਸ਼ਰਮੀ ਦੀ ਗਲ ਸੀ । ਸਿਆਲਕੋਟ ਵਿਚ ਇਹ ਗਲ ਅਸ਼ਲੀਲ ਸੀ ਪਰ ਉਸ ਵਿਚਾਰੀ ਦਾ ਤਾਂ ਲੱਕ ਦਰਦ ਕਰਦਾ ਸੀ । ਦੁਆਬੇ ਵਿਚ ਲੱਕ ਨੂੰ ਢੂਈ ਆਖਦੇ ਨੇ । ਖੈਰ ਇਹਨਾਂ ਬੋਲੀਆਂ ਦੀ ਤਾਂ ਆਪਸ ਵਿਚ ਕੁਝ ਸਮਝ ਆਉਂਦੀ ਹੀ ਸੀ । ਪੋਠੋਹਾਰੀ ਦਾ 'ਆਸਾਂ' 'ਜਾਸਾਂ' ਵੀ ਸਮਝ ਆਉਂਦਾ ਸੀ ਪਰ ਇਕ ਪੰਜਾਬੀ ਸੀ ਜਿਸਦਾ ਕੁਝ ਪਤਾ ਹੀ ਨਾ ਲਗਦਾ ਅਤੇ ਜੋ ਸਾਰਿਆਂ ਦੇ ਸਾਂਝੇ ਮਖੌਲ ਦਾ ਕਾਰਨ ਬਣਦੀ ਸੀ ਉਹ ਸੀ ਝੰਗ ਦੀ ਬੋਲੀ । ਇਹਦੇ ਵਿਚੋਂ ਵੱਤ ਵੱਤ ਹੀ ਪਿੜ ਪਲੇ ਪੈਂਦਾ ਹੋਰ ਕੁਝ ਨਾ ।

ਬਾਅਦ ਵਿਚ ਜਦੋਂ ਅਸੀਂ ਹਾਈ ਸਕੂਲ ਵਿਚ ਦਾਖਲ ਹੋ ਗਏ ਤਾਂ ਉਥੇ ਝੰਗ ਦੇ ਮਾਸਟਰ ਜੀ ਪੜ੍ਹਾਉਂਦੇ ਸਨ । ਕੁਲੇ ਵਾਲੀ ਲੜਦਾਰ ਪਗੜੀ ਬੰਨਦੇ । ਗਲੇ ਉਤੇ ਜ਼ਖਮ ਦਾ ਨਿਸ਼ਾਨ ਅਤੇ ਮੰਦਰ ਗਰਾਮ ਵਿਚ ਬੜੀ ਮੋਟੀ ਤੇ ਖਰਖਰੀ ਆਵਾਜ਼ ਬੜੀ ਮੁਸ਼ਕਲ ਨਾਲ ਨਿਕਲਦੀ । ਉਹਨਾਂ ਦੀ ਪੜ੍ਹਾਈ ਚੋਂ ਕਿਸੇ ਨੇ ਕੁਝ ਲਭਿਆ ਹੋਵੇ ਇਹ ਵਖਰੀ ਗਲ ਹੈ ਪਰ ਉਹਨਾਂ ਵਲੋਂ ਗਾਲ ਕੱਢ ਕੇ ਕਿਹਾ ਜਾਂਦਾ ਵਾਕ ਬੱਚੇ ਬੱਚੇ ਦੀ ਜ਼ਬਾਨ ਤੇ ਚੜ੍ਹ ਗਿਆ ਸੀ, "ਮਾਰ ਗੁਤਿਆ



Sri Satguru Jagjit Singh Ji eLibrary NamdhariElibrary@gmail.com

ਓਏ......ਨਿਓਂ । ਕੰਮ ਕਰਦੇ ਕਾਈ ਨਾਈਂ । ਬਜ ਬਜ ਕੇ ਮਾਊਂ ਕੋਲ ਵੇਨੇ ਐਂ । ਮਾਦਰ .....ਫੇਲ ਹੋਵਸੋ ਤਾਂ ਰੋਵਸੋ ।......

ਇਹਨਾਂ ਦਿਨਾਂ ਵਿਚ ਸਾਡੇ ਵਾਸਤੇ ਕਰਨ ਨੂੰ ਕੁਝ ਨਹੀਂ ਸੀ, ਸਿਵਾਏ ਅਵਾਰਾਗਰਦੀ ਦੇ । ਸਕੂਲ ਤੋਂ ਲੰਮੀ ਛੁੱਟੀ ਮਿਲੀ ਹੋਈ ਸੀ । ਬਾਜ਼ਾਰ ਵਿਚ ਮਾਮਾ ਜੀ ਦੀ ਦੁਕਾਨ ਤੇ ਜਾ ਕੇ ਵਿਹਲੇ ਬਹਿ ਰਹਿਣਾ ਹੀ ਰੁਝੇਵਾਂ ਸੀ । ਦੁਕਾਨ ਦੇ ਬਾਹਰ ਆਲੇ-ਦੁਆਲੇ ਖੁਲ੍ਹੀ ਥਾਂ ਸੀ, ਉਥੇ ਬਹਿ ਕੇ ਗੱਪਾਂ ਮਾਰਨੀਆਂ ਜਾਂ ਖਬਰਾਂ ਸੁਣਨੀਆਂ । ਆਉਂਦੇ ਜਾਂਦੇ ਟਰੱਕ ਵੇਖ ਛਡਣੇ । ਕਦੇ-ਕਦਾਈਂ ਕੋਈ ਮਿੱਠੇ ਫਿੱਕੇ ਛੋਲੇ ਵੰਡਣ ਵਾਲਾ ਆ ਜਾਂਦਾ, ਕਦੇ ਕੱਪੜੇ ਵੰਡਣ ਵਾਲਾ । ਮਾਮਾ ਜੀ ਦੀ ਦੁਕਾਨ ਵੀ ਅਚੰਭੇ ਤੋਂ ਘਟ ਨਹੀਂ ਸੀ । ਟੀਂ-ਟੀਂ ਕਰਦੇ ਗੱਡੀਆਂ ਦੇ ਹਾਰਨ, ਬੈਟਰੀਆਂ ਨਾਲ ਜਗਦੇ ਬਲਬ, ਡਾਇਨਮੋ 'ਚੋਂ ਨਿਕਲਦੇ ਬਿਜਲੀ ਦੇ ਪਟਾਕੇ । ਇਹ ਸਭ ਕੁਝ ਅਸਚਰਜ ਹੀ ਲਗਦਾ ਸੀ । ਮੈਨੂੰ ਮਾਮਾ ਜੀ ਬਹੁਤ ਵੱਡੇ ਬੰਦੇ ਲਗਦੇ, ਕਿਉਂਕਿ ਉਹਨਾਂ ਦੇ ਦਰਾਂ ਤੇ ਵੱਡੇ ਵੱਡੇ ਬੰਦੇ (ਭਾਵ ਵੱਡੀਆਂ ਕਾਰਾਂ, ਬੱਸਾਂ ਟਰੱਕਾਂ ਵਾਲੇ) ਖੜ੍ਹੇ ਤਰਲੇ ਕਰਦੇ ਰਹਿੰਦੇ—ਸਰੈਣ ਸਿੰਘ ਗੱਡੀ ਸਟਾਰਟ ਨਹੀਂ ਹੁੰਦੀ......ਬਚਨ ਜ਼ਰਾ ਇਹਦਾ ਹਾਰਨ ਠੀਕ ਕਰ ਦੇਈਂ ਬੀਰਾ......ਲੈਟਾਂ ਤਾਂ ਜਮਾ ਈ ਕੰਮ ਨਹੀਂ ਕਰਦੀਆਂ । ਹੱਥਾਂ ਤੇ ਪਈਆਂ ਲਵੇਰੀਆਂ ਵਾਂਗ ਇਹ ਗੱਡੀਆਂ ਬੱਸਾਂ ਕਾਰਾਂ ਟਰੱਕ ਵੀ ਮਾਮਾ ਬਚਨ ਸਿੰਘ ਜੀ ਦੇ ਹੱਥ ਨੂੰ ਉਡਕਦੀਆਂ । ਕਦੀ ਗੱਡੀ ਦੇ ਥੱਲੇ ਕਦੇ ਉਤੇ ਅਤੇ ਕਦੀ ਢਿੱਡ ਪਰਨੇ ਮੱਡ-ਗਾਰਡ ਦੇ ਉਤੇ ਅਤੇ ਬੋਨਿਟ ਦੇ ਥੱਲੇ ਮਾਮਾ ਜੀ ਘੁੰਮਦੇ ਰਹਿੰਦੇ । ਭੱਠੀ ਤਪਾ ਕੇ ਸਿੱਕਾ ਪਿਘਲਾਇਆ ਜਾਂਦਾ । ਉਹਨੂੰ ਸਾਂਚਿਆਂ ਵਿਚ ਪਾ ਕੇ ਕਈ ਕੁਝ ਬਣਾਇਆ ਜਾਂਦਾ । ਟਾਂਕੇ ਲਾਏ ਜਾਂਦੇ । ਤੇਜ਼ਾਬ, ਨਸ਼ਾਦਰ ਬਰੋਜ਼ੇ ਅਤੇ ਬੈਟਰੀਆਂ ਚੋਂ ਤਜ਼ਾਬ ਦੀ ਮਿਲਵੀਂ ਬੋਅ ਪੱਸਰੀ ਰਹਿੰਦੀ । ਪਰ ਮੈਂ ਸਭ ਤੋਂ ਵਧ ਉਡੀਕਦਾ ਟਰਾਈ ਦੇ ਸਮੇਂ ਨੂੰ । ਜਦੋਂ ਗੱਡੀ ਤਿਆਰ ਹੋ ਜਾਣੀ, ਡਾਇਨਮੋ ਲਗ ਜਾਣਾ ਤਾਂ ਮਾਮਾ ਬਚਨ ਸਿੰਘ ਜੀ ਨੇ ਗੱਡੀ ਦੀ ਟਰਾਈ ਲੈਣ ਜਾਣਾ । ਇਹ ਸਮਾਂ ਸਾਡੇ ਵਾਸਤੇ ਹੂਟੇ ਦਾ ਸਮਾਂ ਸੀ । ਅੱਜ ਨਾਲੋਂ ਭਾਵੇਂ ਕਿਤੇ ਭੀੜੀਆਂ, ਪਰ ਉਦੋਂ ਖੁਲ੍ਹੀਆਂ ਲਗਦੀਆਂ ਸੜਕਾਂ ਤੇ ਬਾਹਰ ਨਿਕਲ ਜਾਣਾ । ਮਦਨ ਫਲੋਰ ਮਿੱਲ ਤੋਂ ਅਗੇ ਉਜਾੜ ਸ਼ੁਰੂ ਹੋ ਜਾਂਦੀ ਸੀ । ਅਸੀਂ ਅਕਸਰ ਛਾਉਣੀ ਚਲੇ ਜਾਂਦੇ । ਬਹਿਸ਼ਤ ਵਾਂਗ ਲਗਦੀ ਸਾਫ-ਸ਼ਫਾਫ ਛਾਉਣੀ ਦੀਆਂ ਸੜਕਾ ਦੀ ਸੈਰ ਬਹੁਤ ਸੁਖਾਵੀਂ ਲਗਦੀ । ਚੁਸਤ-ਫੁਰਤ ਫ਼ੌਜੀ ਅਤੇ ਗੋਰੇ ਅਫਸਰ ਵੀ ਦਿਸਦੇ ਹੁੰਦੇ । ਏਨਾ ਕੁਝ ਦੇਖਣ ਮਾਨਣ ਦੇ ਬਾਵਜੂਦ ਇਹ ਨਿਹਫਲ ਲਗਦਾ ਜੇ 'ਜਵਾਲੀ ਦੇ ਪਕੌੜੇ' ਨਾ ਖਾਧੇ ਜਾਂਦੇ ।

ਜਲੰਧਰ ਸ਼ਹਿਰ ਵਿਚ ਕਦੇ ਕਦਾਈਂ ਫੌਜ ਵਾਲੇ ਜਲੂਸ ਵੀ ਕਢਦੇ ਭਾਵ ਮਾਰਚ ਕਰਦੇ । ਅੱਗੇ ਫੌਜੀ ਬੈਂਡ ਬੀਨਾਂ ਵਜਾਉਂਦਾ ਹੁੰਦਾ ਮਗਰ ਪਰੇਡ ਵਾਲੇ ਫੌਜੀ । ਇਹਨਾਂ ਵਿਚ ਗੋਰੇ ਅਫਸਰ ਵੀ ਹੁੰਦੇ । ਗੋਰੇ ਤੇ ਗੋਰੀਆਂ ਮੇਮਾਂ ਕਦੀ ਘੋੜਿਆਂ ਵਾਲੀ ਬੱਘੀ ਤੇ ਬੈਠੇ ਵੀ ਸੜਕਾਂ ਤੇ ਘੁੰਮਦੇ ਅਤੇ ਕਦੀ ਕਦਾਈਂ ਬਹੁਤ ਘੱਟ ਵਾਰ ਕੋਈ ਗੋਰਾ ਗੱਡੀ ਠੀਕ ਕਰਵਾਉਣ ਮਾਮਾ ਜੀ ਦੀ ਦੁਕਾਨ ਤੇ ਵੀ ਆ ਜਾਂਦਾ ।

ਇਲੈਕਟ੍ਰੀਸ਼ਨ ਦੀ ਦੁਕਾਨ ਇਕ ਅਦਭੁਤ ਦੁਨੀਆ ਸੀ । ਇਕ ਦਿਨ ਇਕ ਮੁੰਡੇ ਨੇ ਨੰਗੀਆਂ ਤਾਰਾਂ ਹੱਥ ਵਿਚ ਵਿਚ ਫੜ ਕੇ ਪਲੱਗ ਵਿਚ ਪਾ ਦਿਤੀਆਂ । ਉਸਨੂੰ ਜ਼ਬਰਦਸਤ ਝਟਕਾ ਲਗਾ । ਇਸਨੂੰ ਸ਼ਾਟ ਲਗਾ ਕਿਹਾ ਗਿਆ ਸੀ । ਥੋਹੜੇ ਦਿਨਾਂ ਬਾਦ ਉਸ ਮੁੰਡੇ ਦੀ ਬੇਵਕੂਫੀ ਦੀ ਦਾਸਤਾਨ ਆਪਣੇ ਮਾਸੀ ਦੇ ਪੁਤਰ ਭਰਾ ਨੂੰ ਦਸਣ ਵਾਸਤੇ ਮੈਂ ਨੰਗੀਆਂ ਤਾਰਾਂ ਫੜ ਕੇ ਮੁੜ ਪਲੱਗ ਵਿਚ ਪਾ ਦਿਤੀਆਂ । ਹਜ਼ਾਰ ਝਟਕਿਆਂ ਦੀ ਕੰਬਣੀ ਆਈ ਤੇ ਮੈਂ ਬੇਹੋਸ਼ ਹੋਇਆ ਬੁੜਕ ਕੇ ਪੁਰਾਣੇ ਹਾਰਨਾਂ ਦੇ ਖੋਲਾਂ ਦੇ ਢੇਰ ਤੇ ਜਾ ਪਿਆ । ਉਸ ਵੇਲੇ ਮੈਨੂੰ ਘੁੱਟਿਆ ਗਿਆ ਤੱਤਾ ਦੁੱਧ ਪਿਆਇਆ ਗਿਆ । ਮੈਂ ਬੱਚ ਗਿਆ ਪਰ ਬਾਕੀ ਸਾਰੇ ਘਬਰਾ ਗਏ ਅਤੇ ਅਗੋਂ ਲਈ ਸਾਡੇ ਵਾਸਤੇ ਰੈਡ ਅਲਰਟ ਲਾਗੂ ਹੋ ਗਿਆ ।

ਅਸੀਂ ਬੱਚੇ ਤਾਂ ਬੇਫਿਕਰ ਵਿਚਰਦੇ ਪਰ ਘਰਦਿਆਂ ਨੂੰ ਤਾਂ ਚਿੰਤਾ ਸੀ । ਸਦਾ ਰਿਸ਼ਤੇਦਾਰਾਂ ਦੇ ਤਾਂ ਡੇਰੇ ਨਹੀਂ ਲਾਈ ਰਖਣੇ । ਅਗੋਂ ਅਪਣਾ ਰੋਟੀ ਦਾ ਜੁਗਾੜ ਵੀ ਕਰਨਾ ਹੈ, ਰਹਿਣ ਲਈ ਮਕਾਨ ਕਿਥੋਂ ਆਵੇ । ਬਚਿਆਂ ਦੀ (ਸਾਡੀ) ਪੜ੍ਹਾਈ ਦਾ ਕੀ ਪਰਬੰਧ ਕਰਨਾ ਹੈ । ਭਾਵੇਂ ਚੱਕਰ ਤਾਂ ਕੁਦਰਤ ਦੇ ਅਧੀਨ ਹੈ । ਪਰ ਬੰਦਾ ਉਦਮ ਕਰਦਾ ਹੈ ਜੁਗਤ ਬਣਾਉਂਦਾ ਹੈ । ਸੋ ਅਗਲੇ ਕਾਰਜ ਕ੍ਰਮ ਲਈ ਪਿਤਾ ਜੀ ਵੀ ਜਤਨਸ਼ੀਲ ਸਨ ।

ਮੇਰੇ ਪਿਤਾ ਜੀ ਤਰਖਾਨੇ ਕੰਮ ਦੇ ਮਾਹਰ ਸਨ ਪਰ ਨਾ ਤਾਂ ਕੋਈ ਔਜ਼ਾਰ ਸੀ ਅਤੇ ਨਾ ਹੀ ਕਿਤੇ ਕੰਮ । ਇਕ ਦਿਨ ਗੋਬਿੰਦਗੜ੍ਹ ਦੇ ਕੋਲ ਹੀ ਇਕ ਦੁਕਾਨ ਲਕੜੀ ਦੇ ਕੰਮ ਦੀ



Sri Satguru Jagjit Singh Ji eLibrary NamdhariElibrary@gmail.com

ਉਹਨਾਂ ਦੇ ਨਜ਼ਰੀਂ ਪਈ। ਇਹਦਾ ਮਾਲਕ ਸ. ਨਗੀਨਾ ਸਿੰਘ ਉਹਨਾਂ ਦਾ ਪੁਰਾਣਾ ਵਾਕਫ ਨਿਕਲ ਪਿਆ। ਇਹ ਸ. ਨਗੀਨਾ ਸਿੰਘ ਕਦੇ ਰਾਵਲਪਿੰਡੀ ਕੰਮ ਵਾਸਤੇ ਜਾਇਆ ਕਰਦਾ ਸੀ। ਸ. ਨਗੀਨਾ ਸਿੰਘ ਨੂੰ ਪਤਾ ਸੀ ਕਿ ਮੇਰੇ ਪਿਤਾ ਜੀ ਮਾਹਰ ਕਾਰੀਗਰ ਹਨ। ਉਹਨੇ ਕਿਹਾ ਨੱਥਾ ਸਿਆਂ ਮੇਰੇ ਕੋਲ ਆ ਜਾਇਆ ਕਰ ਇਸ ਵੇਲੇ ਤਿੰਨ ਰੁਪਏ ਦਿਹਾੜੀ ਇਕ ਤਰਖਾਣ ਕਾਰੀਗਰ ਦੀ ਹੈ ਮੈਂ ਤੈਨੂੰ ਚਾਰ ਦਿਆ ਕਰਾਂਗਾ।

ਸ਼ਾਮ ਨੂੰ ਭਾਪਾ ਜੀ (ਅਸੀਂ ਪਿਤਾ ਜੀ ਨੂੰ ਭਾਪਾ ਜੀ ਕਹਿੰਦੇ ਹਾਂ) ਮੈਨੂੰ ਤੇ ਮੇਰੇ ਛੋਟੇ ਭਰਾ ਕੁਲਦੀਪ ਨੂੰ ਪ੍ਰੀਤਮ ਸਿੰਘ ਹਲਵਾਈ ਦੀ ਦੁਕਾਨ ਤੇ ਲੈ ਗਏ ਅਤੇ ਮਠਿਆਈ ਲੈ ਕੇ ਖੁਆਈ। ਦੋ ਆਨਿਆਂ ਦੀ ਪਾਓ ਬਰਫੀ। ਭਾਵ ਅਧੇ ਰੁਪਏ ਦੀ ੧ ਸੇਰ। ਸ਼ੁਕਰਵਾਰ ਦਾ ਦਿਨ ਸੀ। ਭਾਪਾ ਜੀ ਦਾ ਐਲਾਨ ਸੀ। ਮੈਂ ਹਰ ਸ਼ੁਕਰਵਾਰ ਇਸੇ ਦੁਕਾਨ ਤੇ ਮਠਿਆਈ ਖੁਆਇਆ ਕਰਾਂਗਾ ਅਤੇ ਨਾਲ ਦੁੱਧ ਪਿਆਇਆ ਕਰਾਂਗਾ।

ਕੁਝ ਦਿਨਾਂ ਬਾਦ ਮਾਮੀ ਜੀ ਨੇ ਮੇਰੀ ਮਾਤਾ ਨੂੰ ਕਿਹਾ ਕਿ ਆ ਫੇਰ ਬੀਬੀ ਚਲੀਏ, ਉਹਨਾਂ ਨੇ ਕੋਈ ਗੱਲ ਪਹਿਲੋਂ ਮੇਲੀ ਹੋਈ ਸੀ। ਮੈਂ ਵੀ ਉਹਨਾਂ ਦੇ ਨਾਲ ਚਲ ਪਿਆ। ਉਹ ਚਲਦੀਆਂ ਹੋਈਆਂ ਘੁਮਿਆਰਾਂ ਵਾਲੀ ਮਸੀਤ ਕੋਲ ਪਹੁੰਚੀਆਂ। ਇਥੇ ਨਾਲ ਦੇ ਮੁਸਲਮਾਨਾਂ ਦੇ ਮਹੱਲੇ ਦੀ ਇਕ ਗਲੀ ਵਿਚ ਉਹ ਗਈਆਂ ਅਤੇ ਕਈ ਖਾਲੀ ਪਏ ਮਕਾਨ ਵੇਖੇ। ਇਹਨਾਂ ਮਕਾਨਾਂ ਦੀਆਂ ਛੱਤਾਂ ਅੱਗ ਨਾਲ ਧੁਆਂਖੀਆਂ ਸਨ। ਅੰਦਰ ਡੰਗਰ ਬੈਠੇ ਹੋਏ ਸਨ। ਨਲਕਾ ਕਿਸੇ ਦਾ ਚਾਲੂ ਨਹੀਂ ਸੀ ਫੇਰ ਵੀ ਇਕ ਛੋਟਾ ਜਿਹਾ ਮਕਾਨ ਪਸੰਦ ਕੀਤਾ ਗਿਆ। ਇਸ ਤੇ ਕਬਜ਼ਾ ਤਦ ਹੀ ਹੋਣਾ ਸੀ ਜੇ ਅਸੀਂ ਇਸ ਵਿਚ ਵਾਸ ਕਰਦੇ ਅਤੇ ਹੋਰ ਵੇਖਣ ਆਉਣ ਵਾਲਿਆਂ ਨੂੰ ਰੋਕ ਵੀ ਸਕਦੇ। ਆਪਣਾ ਸਾਮਾਨ ਰਖਦੇ ਇਹ ਮਕਾਨ ਪਸੰਦ ਕਰਕੇ ਇਕ ਹੋਰ ਮਕਾਨ 'ਚ ਗਏ ਇਹ ਮਕਾਨ ਤਾਇਆ ਕਿਸ਼ਨ ਸਿੰਘ ਹੋਰ ਮੱਲਿਆ ਹੋਇਆ ਸੀ। ਮਕਾਨ ਖੁਲ੍ਹਾ ਸੀ ਪਰ ਇਸ ਦੇ ਬਹੁਤੇ ਕਮਰੇ ਜਾਂ ਤਾਂ ਢੱਠੇ ਸਨ, ਛਤਾਂ ਗਾਇਬ ਸਨ ਜਾਂ ਛੱਤਾਂ ਅੱਗ ਨਾਲ ਸੜੀਆਂ ਹੋਈਆਂ ਸਨ। ਇਕ ਵਡੀ ਬੈਠਕ, ਵਿਹੜਾ, ਵਡਾ ਪਸਾਰ, ਦੋ ਕੋਠੜੀਆਂ ਇਕ ਢਾਰਾ ਅਤੇ ਵਡੀ ਸਾਰੀ ਡਿਉੜੀ ਸੀ। ਨਲਕੇ 'ਚ ਪਾਣੀ ਸੀ। ਜਦੋਂ ਤਾਇਆ ਕਿਸ਼ਨ ਸਿੰਘ ਨੂੰ ਪਤਾ ਲਗਾ ਕਿ ਇਸੇ ਮਹੱਲੇ ਵਿਚ ਹੀ ਹੋਰ ਮਕਾਨ ਪਸੰਦ ਕੀਤਾ ਹੈ ਤਾਂ ਉਹਨਾਂ ਜ਼ਿਦ ਫੜ ਲਈ, ਤੁਸੀਂ ਇਸੇ ਮਕਾਨ ਵਿਚ ਆਵੋ, ਇਕੱਠੇ ਰਹਾਂਗੇ। ਇਕ ਤਾਂ ਉਸ ਵੇਲੇ ਮਨਾਂ ਦੀ ਦਸ਼ਾ ਐਸੀ ਸੀ ਕਿ ਅਪਨਤ ਦਾ ਭਾਵ ਜ਼ਿਆਦਾ ਸੀ। ਦੂਸਰੇ ਇਕਠਿਆਂ ਰਹਿਣ ਨਾਲ ਮਕਾਨ ਸੁਰਖਿਅਤ ਹੋ ਜਾਣਾ ਸੀ। ਮਕਾਨ ਮੱਲਣ ਵਾਲੇ ਆਮ ਫਿਰਦੇ ਸਨ। ਮਾੜੇ ਧੀੜੇ ਦੇ ਬੈਠਿਆਂ ਵੀ ਆਪ ਕਬਜ਼ਾ ਕਰ ਲੈਂਦੇ ਸਨ। ਸਰਕਾਰੀ ਬੰਦੇ ਵੀ ਆਪਣਾ ਧੱਕਾ ਕਰ ਕਰਵਾ ਲੈਂਦੇ ਸਨ। ਜਿਥੇ ਚਾਰ ਜੀਅ ਘਰ ਦੇ ਹੁੰਦੇ ਉਥੇ ਕਿਸੇ ਦਾ ਜ਼ੋਰ ਘੱਟ ਹੀ ਚਲਦਾ ਸੀ। ਤਾਇਆ ਜੀ ਨੇ ਮਨਾ ਹੀ ਲਿਆ ਕਿ ਅਸੀਂ ਉਥੇ ਹੀ ਰਹੀਏ। ਸੋ, ਰਿਆਜ਼ਪੁਰੇ ਦੇ ਇਸ ਮਕਾਨ ਵਿਚ ਅਸੀਂ ਪਸਾਰ ਦੀ ਇਕ ਨੁੱਕਰ ਮੱਲ ਲਈ। ਬੈਠਕ ਤਾਇਆ ਜੀ ਦੇ ਪਰਿਵਾਰ ਨੇ ਲੈ ਲਈ। ਰੋਟੀਆਂ ਬਾਹਰ ਮੈਦਾਨ ਵਿਚ ਵੀ ਪਕਾ ਲੈਂਦੇ ਤੇ ਅੰਦਰ ਵੀ। ਕਾਫੀ ਚਿਰ ਬਾਦ ਸਰਕਾਰ ਨੇ ਸਾਰੀਆਂ ਡਿਗੀਆਂ ਛੱਤਾਂ ਮੁੜ ਛੱਤ ਦਿਤੀਆਂ ਅਤੇ ਇਕ ਹੋਰ ਪਰਿਵਾਰ ਮਾਮਾ ਕਰਤਾਰ ਸਿੰਘ ਜੀ ਦਾ ਵੀ ਵਿਚ ਆ ਗਿਆ। ਉਦੋਂ ਜ਼ਮਾਨਾ ਸੀ ਇਕ-ਇਕ ਮਕਾਨ ਵਿਚ ਕਈ-ਕਈ ਟੱਬਰ ਅਤੇ ਇਕ-ਇਕ ਕਮਰੇ ਵਿਚ ਕਈ-ਕਈ ਜੀਅ ਇਕੱਠਿਆਂ ਪਿਆਰ ਨਾਲ ਰਹਿ ਸਕਦੇ ਸਨ।

ਹੁਣ ਪਤਾ ਲੱਗਾ ਕਿ ਸਕੂਲ ਵੀ ਖੁਲ੍ਹਣ ਲਗ ਪਏ ਹਨ। ਗੋਬਿੰਦਗੜ੍ਹ ਮੁਹੱਲੇ ਵਿਚ ਦੁਆਬਾ ਖਾਲਸਾ ਹਾਈ ਸਕੂਲ ਦੀ ਇਕ ਬਰਾਂਚ ਸੀ ਪ੍ਰਾਇਮਰੀ ਜਮਾਤਾਂ ਵਾਸਤੇ (ਇਹ ਅਜੇ ਵੀ ਹੈ)। ਦੁਆਬਾ ਖਾਲਸਾ ਸਕੂਲ ਦਾ ਖਾਸਾ ਨਾਮ ਸੀ। ਮੈਨੂੰ ਭਾਪਾ ਜੀ ਪ੍ਰਾਇਮਰੀ ਸਕੂਲ ਵਿਚ ਲੈ ਗਏ। ਸਰਟੀਫਿਕੇਟ ਤਾਂ ਕੋਈ ਪਿੰਡ ਤੋਂ ਲਿਆਂਦਾ ਨਹੀਂ ਸੀ, ਫੇਰ ਵੀ ਚੌਥੀ ਜਮਾਤ ਵਿਚ ਦਾਖਲਾ ਮਿਲ ਗਿਆ। ਖਾਲਸਾ ਸਕੂਲ ਵਿਚ ਦਾਖਲ ਹੋਣਾ ਮੇਰੀ ਆਪਣੀ ਪਸੰਦ ਸੀ। ਘਰਦਿਆਂ ਨੂੰ ਖੁਸ਼ੀ ਸੀ ਕਿ ਇਥੇ ਪਾਠ ਕਰਨਾ ਸਿਖ ਜਾਵੇਗਾ। ਸੋ ਮੈਂ ਰੋਜ਼ ਫੱਟੀ ਬਸਤਾ ਚੁਕ ਕੇ ਪੈਦਲ ਸਕੂਲ ਜਾਣ ਲਗ ਪਿਆ। (ਅੱਜ ਕਲ੍ਹ ਉਸ ਸਮੇਂ ਨਾਲੋਂ ਅੱਧੀ ਵਾਟ ਤੇ ਵੀ ਵਿਦਿਆਰਥੀ ਬੱਘੀਆਂ, ਥਰੀ-ਵੀਲਰਾਂ ਜਾਂ ਸਕੂਟਰਾਂ ਤੇ ਜਾਂਦੇ ਹਨ)। ਸਕੂਲ ਵਿਚ ਉਸ ਸਮੇਂ ਦੇ ਕੁਝ ਸਾਥੀਆਂ ਦੇ ਨਾਮ ਯਾਦ ਹਨ। ਇਕ ਸੁਰਜੀਤ ਸਿੰਘ ਮਾਨੀਟਰ ਸੀ ਜੋ ਮੁੰਡਿਆਂ ਤੋਂ ਪੈਸੇ ਭੋਟਦਾ ਸੀ। ਦੋਸਤਾਂ 'ਚੋਂ ਇਕ ਚਤਰ ਸਿੰਘ ਉਸੇ ਮੁਹੱਲੇ ਦਾ ਸੀ, ਜੋ ਅਜ ਕਲ੍ਹ



Sri Satguru Jagjit Singh Ji eLibrary NamdhariElibrary@gmail.com

ਵੀ ਕਦੇ-ਕਦਾਈਂ ਮਿਲ ਜਾਂਦਾ ਹੈ । ਸੁਰਿੰਦਰ ਸਿੰਘ ਜੋ ਹੱਸ-ਮੁੱਖ ਸੀ ਸ਼ੁਗਲੀ ਬੰਦਾ ਵੀ । ਇਕ ਪਤਲਾ ਜਿਹਾ ਤੇਜ਼-ਤਰਾਰ ਮੁੰਡਾ ਐਚਕਨ ਪਾ ਕੇ ਆਉਂਦਾ ਹੁੰਦਾ ਸੀ—ਇਹ ਅਵਤਾਰ ਸੀ ਜੋ ਅੱਜ ਕਲ੍ਹ ਅਵਤਾਰ ਭਾਟੀਆ ਦੇ ਨਾਮ ਨਾਲ ਮਸ਼ਹੂਰ ਹੈ ਅਤੇ ਪੰਜਾਬੀ ਵਿਚ ਕਹਾਣੀਆਂ ਲਿਖਦਾ ਹੈ । ਪੰਜਾਬੀ ਲੇਖਕ ਸਭਾ ਜਲੰਧਰ ਦਾ ਵੀ ਜਨਰਲ ਸਕੱਤਰ ਰਿਹਾ ਹੈ । ਇਹ ਸਾਰੇ ਮੁੰਡੇ ਹਾਈ ਸਕੂਲ ਤਕ ਵੀ ਨਾਲ ਰਹੇ । ਸੁਰਿੰਦਰ ਸਿੰਘ ਤਾਂ ਕਾਲਜ ਵਿਚ ਵੀ ਸਾਡੇ ਨਾਲ ਪਾਸ ਤੇ ਫੇਲ੍ਹ ਹੁੰਦਾ ਰਿਹਾ । ਅਜ ਕਲ੍ਹ ਸੁਰਿੰਦਰ ਸਿੰਘ ਰੇਲਵੇ ਵਿਚ ਸਟੇਸ਼ਨ-ਮਾਸਟਰ ਹੈ । ਸਟੇਸ਼ਨ ਬਦਲਦੇ ਰਹਿੰਦੇ ਹਨ । ਕਾਫੀ ਚਿਰ ਜਲੰਧਰ ਵਿਚ ਅਸਿਸਟੈਂਟ ਸਟੇਸ਼ਨ ਮਾਸਟਰ ਰਿਹਾ, ਐਸ. ਐਸ. ਵਾਲੀਆ ਦੇ ਨਾਮ ਤੇ ।

ਚੌਥੀ ਵਿਚ ਕਿਤਾਬ ਉਰਦੂ ਦੀ ਸੀ, ਜਿਸ ਵਿਚ ਮਸ਼ਹੂਰ ਨਜ਼ਮ—"ਆਤਾ ਹੈ ਯਾਦ ਮੁਝਕੋ ਗੁਜ਼ਰਾ ਹੂਆ ਜ਼ਮਾਨਾ" ਗਾ ਗਾਕੇ ਪੜ੍ਹਦੇ ਸਾਂ । ਪੰਜਾਬੀ ਵੀ ਪੜ੍ਹਾਈ ਜਾਂਦੀ । ਇਕ ਦਿਨ ਇਕ ਮੁੰਡਾ ਉਰਦੂ ਦੀਆਂ ਕਿਤਾਬਾਂ ਕੱਠੀਆਂ ਕਰਕੇ ਗਲੀ ਵਿਚ ਲੈ ਗਿਆ, ਹੋਰ ਮੁੰਡੇ ਵੀ ਨਾਲ ਸਨ । ਉਹਨੇ ਕਿਤਾਬਾਂ ਪਾੜ ਸੁਟੀਆਂ, ਫਿਰ ਛਿੱਤਰ ਵੀ ਮਾਰੇ ਤੇ ਅੰਤ ਅੱਗ ਲਾ ਦਿਤੀ । ਮੈਂ ਪੁਛਿਆ—ਇਹ ਕੀ ਕਰ ਰਿਹਾ ਹੈਂ ? ਉਹ ਕਹਿਣ ਲਗਾ—ਜਾਨ ਛੁਟੀ ਇਹਦੇ ਤੋਂ । ਸਰਕਾਰ ਨੇ ਉਰਦੂ ਦੀ ਪੜ੍ਹਾਈ ਬੰਦ ਕਰ ਦਿਤੀ ਹੈ ।


JANTA
HYDRAULIC PRESSES

JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574
MFRS. OF:
HYDRAULIC PRESSES FOR THE USE OF
● RUBBER MOULDING
● CONVEYOR & TRANSMISSION BELTING
● PLYWOOD HOT PRESSES
● DEEP DRAWING
● CLUTCH FACING & BRAKE LINING


# ਅਨੁਪਮ ਕਵੀ ਦਰਬਾਰ

ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਸਾਲਾਨਾ ਜਪੁ-ਪ੍ਰਯੋਗ ਸਮਾਗਮ ਦੌਰਾਨ ੧੫ ਅਕਤੂਬਰ ੧੯੯੫ ਦੀ ਸ਼ਾਮ ਨੂੰ ੭-੦੦ ਤੋਂ ੧੦-੩੦ ਵਜੇ ਤਕ ਠੇਕੇਦਾਰ ਹਰਭਜਨ ਸਿੰਘ ਔਰੰਗਾਬਾਦ ਦੀ ਪ੍ਰਧਾਨਗੀ ਹੇਠ ਅਤੇ ਪ੍ਰਿੰਸੀਪਲ ਅਜੀਤ ਸਿੰਘ ਚੀਮਾ ਦੇ ਪ੍ਰਬੰਧ ਹੇਠ ਇਕ ਅਨੁਪਮ ਕਵੀ ਦਰਬਾਰ ਹੋਇਆ ਜਿਸ ਵਿਚ ਕੁਝ ਸਮੇਂ ਲਈ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਦਰਸ਼ਨ ਦਿਤੇ । ਇਸ ਕਵੀ ਦਰਬਾਰ ਵਿਚ ਗੁਰਮੇਲ ਸਿੰਘ ਹੰਸ, ਸਵਿੰਦਰ ਸਿੰਘ, ਜੋਗਿੰਦਰ ਸਿੰਘ ਕੰਗ, ਸਾਧੂ ਸਿੰਘ ਕਿਸਾਨ, ਬਲਦੇਵ ਸਿੰਘ, ਬਲਬੀਰ ਸਿੰਘ ਢਿਲੋਂ, ਰਜਿੰਦਰ ਕੌਰ, ਸੰਤੋਖ ਸਿੰਘ ਸਫ਼ਰੀ, ਫਕੀਰ ਚੰਦ ਤੁੱਲੀ. ਪ੍ਰੀਤਮ ਸਿੰਘ ਪੰਛੀ, ਵਰਿਆਮ ਸਿੰਘ ਕੈਦੀ, ਸੁਰਿੰਦਰ ਕੌਰ ਖਰਲ, ਗੁਰਦਿਆਲ ਸਿੰਘ ਪ੍ਰੀਤ, ਤਾਰਾ ਸਿੰਘ ਅਨਜਾਣ, ਅਜੀਤ ਸਿੰਘ ਚੀਮਾ, ਕਸ਼ਮੀਰ ਸਿੰਘ, ਬੇਅੰਤ ਸਿੰਘ ਸੋਖਲ, ਸੁਰਿੰਦਰ ਕੌਰ, ਲਖਵਿੰਦਰ ਸਿੰਘ ਬਾਜਵਾ, ਸਵਰਨ ਸਿੰਘ ਚੀਮਾ, ਵਰਿਆਮ ਸਿੰਘ ਪਿਆਸਾ, ਗੁਰਦਿਆਲ ਸਿੰਘ ਮੌਜੀ, ਪੂਰਨ ਸਿੰਘ ਨਿਰਾਲਾ, ਹਰਭਜਨ ਸਿੰਘ ਧੂੜਕੋਟੀ, ਸਰਦਾਰਾ ਸਿੰਘ ਬਹਿਲ ਅਤੇ ਜਸਵੰਤ ਸਿੰਘ ਜੱਸ ਨੇ ਕਵਿਤਾਵਾਂ ਪੜ੍ਹੀਆਂ । ਕਰਨੈਲ ਸਿੰਘ ਅਸਪਾਲ, ਜੋਗਿੰਦਰ ਸਿੰਘ ਮੁਕਤਾਂ, ਜਸਵਿੰਦਰ ਸਿੰਘ ਭਿੰਡਰ, ਗੁਰਮੁਖ ਸਿੰਘ ਗੁਰਾਇਆ ਅਤੇ ਲਖਵਿੰਦਰ ਸਿੰਘ ਨੇ ਗੀਤ ਗਾਏ । ਮਾਸਟਰ ਅਮਰੀਕ ਸਿੰਘ, ਹਰਿੰਦਰ ਪਤੰਗਾ. ਰਾਜਵੰਤ ਸੈਲਾਨੀ, ਬਖਸ਼ੀਸ਼ ਪੰਜਾਬੀ, ਸੁਰਜੀਤ ਖ਼ੁਰਸ਼ੀਦੀ ਅਤੇ ਕਰਤਾਰ ਸਿੰਘ ਪੰਛੀ ਨੇ ਗ਼ਜ਼ਲਾਂ ਸੁਣਾਈਆਂ । ਪ੍ਰੀਤਮ ਸਿੰਘ ਕਵੀ ਅਤੇ ਪ੍ਰੋ: ਗੁਰਦੇਵ ਸਿੰਘ ਝੱਗਰ ਨੇ ਰੁਬਾਈਆਂ ਦੀ ਛਹਿਬਰ ਲਾਈ ।

ਕਵੀ-ਦਰਬਾਰ ਦੇ ਪ੍ਰਬੰਧਕਾਂ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਹਾਜ਼ਰੀ ਭਰ ਰਹੀਆਂ ਸਿਖ-ਸੰਗਤਾਂ ਨੇ ਖੁਲ੍ਹੇ ਦਿਲ ਨਾਲ ਪ੍ਰਤਿਭਾਸ਼ੀਲ ਕਵੀਆਂ ਨੂੰ ਇਨਾਮ ਦੇ ਕੇ ਸਨਮਾਨਿਆ । ਇਸ ਕਵੀ-ਦਰਬਾਰ ਵਿਚ ਸ. ਹਰਵਿੰਦਰ ਸਿੰਘ ਹੰਸਪਾਲ (ਸਾਬਕਾ ਐਮ. ਪੀ.,) ਸ. ਜਗਦੀਸ਼ ਸਿੰਘ (ਸੰਪਾਦਕ 'ਵਰਿਆਮ'), ਸ. ਦਲੀਪ ਸਿੰਘ (ਸੰਪਾਦਕ 'ਨਿਰੀਖਿਅਕ') ਅਤੇ ਸ. ਨਰਿੰਦਰ ਸਿੰਘ (ਸੰਪਾਦਕ 'ਯੁਗ ਮਰਯਾਦਾ') ਉਚੇਚੇ ਤੌਰ 'ਤੇ ਹਾਜ਼ਰ ਹੋਏ ।

ਜੋਗਿੰਦਰ ਸਿੰਘ ਕੰਗ




Sri Satguru Jagjit Singh Ji eLibrary NamdhariElibrary@gmail.com

# ਮੇਰੀ ਪਾਕਿਸਤਾਨ ਫੇਰੀ

—ਜੰਗ ਬਹਾਦਰ ਸਿੰਘ ਘਈ

ਜਨਮ-ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ, ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਦੀ ਯਾਤਰਾ ਜੋ ਕਿ ਪਾਕਿਸਤਾਨ ਵਿਚ ਰਹਿ ਗਏ ਹਨ—ਦੀ ਤਮੰਨਾ ਕਿਸ ਸਿਖ ਦੇ ਹਿਰਦੇ ਵਿਚ ਨਹੀਂ ਹੈ ? ਅਸੀਂ ਹਰ ਰੋਜ਼ ਅਰਦਾਸ ਵਿਚ ਇਹਨਾਂ ਵਿਛੜ ਚੁਕੇ ਗੁਰਧਾਮਾਂ ਨੂੰ ਯਾਦ ਕਰਦੇ ਹਾਂ ਤੇ ਅਕਾਲ ਪੁਰਖ ਪਾਸੋਂ ਇਨ੍ਹਾਂ ਦੀ ਸੇਵਾ ਸੰਭਾਲ ਦੀ ਫਰਿਆਦ ਕਰਦੇ ਹਾਂ ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਜੋ ੨ ਜੂਨ ੯੫ ਨੂੰ ਸੀ ਤੇ ਲਾਹੌਰ ਵਿਖੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਮਨਾਇਆ ਜਾਣਾ ਸੀ । ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਪਾਕਿਸਤਾਨ ਜਾਣ ਲਈ ਜੋ ਲਿਸਟ ਮਨਜ਼ੂਰ ਹੋ ਕੇ ਆਈ, ਉਸ ਵਿਚ ਮੇਰਾ ਤੇ ਮੇਰੀ ਪਤਨੀ ਦਾ ਸੁਭਾਗ ਵੀ ਜਾਗਿਆ ਤੇ ਅਸੀਂ ਆਪਣੇ ਦੋਨੋਂ ਬਚਿਆਂ ਸਮੇਤ ੨੪ ਤਰੀਕ ਅੰਮ੍ਰਿਤਸਰ ਪਹੁੰਚ ਗਏ । ੨੫ ਤਰੀਕ ਸਵੇਰੇ ਗੱਡੀ ਰਾਹੀਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਚੱਲ ਕੇ ਅਟਾਰੀ ਚੈਕਿੰਗ ਵਗੈਰਾ ਤੋਂ ਵਿਹਲੇ ਹੋ ਕੇ ਵਾਹਗਾ ਬਾਰਡਰ ਰਾਹੀਂ ਲਾਹੌਰ ਸਟੇਸ਼ਨ ਤੇ ਰੁਕਦੇ ਹੋਏ, ਦਿਨ ਢਲਦੇ ਅਸੀਂ ਨਨਕਾਣਾ ਸਾਹਿਬ ਦੀ ਪਵਿੱਤਰ ਭੂਮੀ ਨੂੰ ਜਾ ਨਮਸਕਾਰ ਕੀਤਾ । ਪਾਕਿਸਤਾਨੀ ਕਰੰਸੀ ਵੀ ਸ਼ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਬੈਂਕ ਦੀ ਮਦਦ ਨਾਲ ਵਾਹਗੇ ਹੀ ਸਾਨੂੰ ਦੇ ਦਿਤੀ ਸੀ । ਮਹਿਮੂਦ ਸਾਹਿਬ, ਡਿਪਟੀ ਐਡ-ਮਨਿਸਟਰੇਟਰ (ਸ਼ਰਾਈਨ) ਅਵੈਕਿਉ ਟਰੱਸਟ ਪ੍ਰਾਪਰਟੀ ਬੋਰਡ ਦੀ ਸੂਝ ਬੂਝ ਸਦਕਾ ਨਨਕਾਣਾ ਸਾਹਿਬ ਵਿਖੇ ਰਿਹਾਇਸ਼ੀ ਕਮਰਿਆਂ ਦੀ ਵੰਡ ਵਾਹਗੇ ਹੀ ਕਰ ਦਿਤੀ ਗਈ, ਜਿਸ ਨਾਲ ਨਨਕਾਣਾ ਸਾਹਿਬ ਪਹੁੰਚ ਕੇ ਕਮਰੇ ਭਾਲਣ ਦੀ ਦੌੜ ਭੱਜ ਤੋਂ ਬਚਾਅ ਹੋ ਗਿਆ । ਹਰ ਕੋਈ ਰੇਲਵੇ ਸਟੇਸ਼ਨ ਤੋਂ ਉਤਰ ਕੇ ਆਰਾਮ ਨਾਲ ਆਪਣੇ ਆਪਣੇ ਕਮਰੇ ਵਿਚ ਜਾ ਕੇ ਨਹਾਉਣ ਧੋਣ ਵਿਚ ਵਿਅਸਥ ਹੋ ਗਿਆ । ਸ਼ਰੋਮਣੀ ਕਮੇਟੀ ਦੀ ਐਡਵਾਂਸ ਗਈ ਪਾਰਟੀ ਨੇ ਸਵੇਰ ਤੋਂ ਹੀ ਸ੍ਰੀ ਆਖੰਡ ਪਾਠ ਆਰੰਭ ਕਰਵਾ ਰਖਿਆ ਸੀ ਤੇ ਲੰਗਰ ਦਾ ਇੰਤਜ਼ਾਮ ਵੀ ਕਰ ਰਖਿਆ ਸੀ । ਪਸ਼ੌਰੀ ਸਿਖਾਂ ਦੇ ਪਰਿਵਾਰ ਲੰਗਰ ਤਿਆਰ ਕਰਨ ਤੇ ਜੂਠੇ ਬਰਤਨਾਂ ਦੀ ਸੇਵਾ ਲਈ ਸਭ ਤੋਂ ਅਗੇ ਸਨ । ੨੬ ਤਰੀਕ ਸਵੇਰੇ ਗੁਰਦੁਆਰਾ ਸੱਚਾ ਸੌਦਾ ਜੋ ਕਿ ਇਸ ਸਥਾਨ ਤੋਂ ੯੦ ਕੁ ਕਿਲੋਮੀਟਰ ਦੂਰ ਸੀ ਦੀ ਯਾਤਰਾ ਦਾ ਪ੍ਰਬੰਧ ਵੀ ਜਥੇ ਲਈ ਕੀਤਾ ਗਿਆ ਸੀ । ਉਥੇ ਪਹੁੰਚ ਕੇ ਨਿਸ਼ਾਨ ਸਾਹਿਬ ਝੁਲਾ ਕੇ ਕੀਰਤਨ ਉਪਰੰਤ ਕੜਾਹ ਪ੍ਰਸ਼ਾਦ ਲੈ ਕੇ ਸੰਗਤਾਂ ਨੇ ਦੁਪਹਿਰ ਦਾ ਭੋਜਨ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਹੀ ਛਕਿਆ । ਗੁਰਦੁਆਰਾ ਸੱਚਾ ਸੌਦਾ ਕਿਉਂਕਿ ੧੯੯੩ ਤੋਂ ਹੀ ਖੋਲਿਆ ਗਿਆ ਹੈ । ਇਸ ਲਈ ਉਥੇ ਅਜੇ ਕੋਈ ਇੰਤਜ਼ਾਮ ਨਹੀਂ । ੨੭ ਦੀ ਸਵੇਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਸਜੇ, ਜਿਨ੍ਹਾਂ ਵਿਚ ਭਾਈ ਸਾਹਿਬ ਭਾਈ ਸੁੱਚਾ ਸਿੰਘ, ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰਲੋਧੀ ਦੇ ਜੱਥੇ ਨੇ ਅਤੇ ਭਾਈ ਮਰਦਾਨਾ ਦੀ ਅੰਸ਼ ਵਿਚ ਭਾਈ ਲਾਲ ਜੀ ਨੇ ਗੁਰਬਾਣੀ ਦੇ ਕੀਰਤਨ ਕੀਤੇ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਭਾਈ ਹਰਪਾਲ ਸਿੰਘ ਜੀ ਨੇ ਅਰਦਾਸ ਕੀਤੀ । ਸੰਗਤਾਂ ਦੇ ਜਨਮ ਅਸਥਾਨ ਤੋਂ ਇਲਾਵਾ ਗੁਰਦੁਆਰਾ ਪੱਟੀ ਸਾਹਿਬ, ਗੁਰਦੁਆਰਾ ਬਾਲ ਲੀਲਾ, ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਛੇਵੀਂ ਪਾਤਸ਼ਾਹੀ, ਗੁਰਦੁਆਰਾ ਪੰਜਵੀਂ ਪਾਤਸ਼ਾਹੀ, ਗੁਰਦੁਆਰਾ ਮਾਲ ਜੀ ਸਾਹਿਬ ਤੇ ਗੁਰਦੁਆਰਾ ਕਿਆਰਾ ਸਾਹਿਬ ਦੇ ਵੀ ਦਰਸ਼ਨ ਕੀਤੇ । ਗੁਰਦੁਆਰਾ ਜਨਮ ਅਸਥਾਨ ਤੇ ਗੁਰਦੁਆਰਾ ਪੱਟੀ ਸਾਹਿਬ ਤੋਂ ਬਿਨਾਂ ਕਿਸੇ ਹੋਰ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੈ । ਗੁਰਦੁਆਰਾ ਪੱਟੀ ਸਾਹਿਬ ਜਿਥੇ ਬਾਬਾ ਨਾਨਕ ਦੇਵ ਜੀ ਪਾਂਧੇ ਪਾਸ ਪੜ੍ਹਨ ਗਏ ਸੀ, ਉਥੇ ੨੫ ਕੁ ਬੱਚੇ ਲਾਈਨਾਂ ਵਿਚ ਬੈਠੇ ਪੜ੍ਹ ਰਹੇ ਸਨ । ਇਥੇ ੪੫ ਪਰਿਵਾਰ ਸਿੱਖਾਂ ਦੇ ਹਨ, ਜਿਨ੍ਹਾਂ ਦੇ ਬੱਚੇ ਸ਼ਾਮ ਨੂੰ ਗੁਰਮੁਖੀ ਪੜ੍ਹਨ ਇਥੇ ਆਉਂਦੇ ਹਨ । ਇਸੇ ਦਿਨ, ਰਾਤ ਨੂੰ ੮ ਵਜੇ ਗੱਡੀ ਰਾਹੀਂ ਸੰਗਤਾਂ ਪੰਜਾ ਸਾਹਿਬ ਲਈ ਚੱਲੀਆਂ ਤੇ ੨੮ ਸਵੇਰੇ ੬ ਵਜੇ ਹਸਨ ਅਬਦਾਲ ਸਟੇਸ਼ਨ ਤੇ ਪਹੁੰਚ ਗਏ । ਬੱਸਾਂ ਇਥੇ ਵੀ ਨਨਕਾਣਾ ਸਾਹਿਬ ਵਾਂਗ ਤਿਆਰ ਖੜੀਆਂ ਸਨ । ੩ ਰੁਪੈ ਪ੍ਰਤੀ ਸਵਾਰੀ ਦੇ ਕੇ ਸੰਗਤਾਂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਪਹੁੰਚ ਗਈਆ ।

ਗੁਰੂ ਨਾਨਕ ਦੇਵ ਜੀ ਦੀ ਛੋਹ ਪ੍ਰਾਪਤ ਪੰਜਾ ਪਹਾੜ ਵਿਚ ਖੁਦਿਆ ਵੇਖ ਕੇ ਸੰਗਤਾਂ ਦਰਸ਼ਨ ਕਰ ਕਰ ਨਿਹਾਲ ਹੋ ਰਹੀਆਂ ਸਨ । ਸਰੋਵਰ ਵਿਚ ਇਸ਼ਨਾਨ ਕਰਦਿਆਂ ਬਾਰ-ਬਾਰ ਸੰਗਤਾਂ ਪੰਜੇ ਦੇ ਦਰਸ਼ਨਾਂ ਲਈ ਜਾ ਰਹੀਆਂ ਸਨ । ਕੁਝ ਲੋਕ ਵਲੀ ਕੰਧਾਰੀ ਵਾਲੀ ਪਹਾੜੀ ਤੇ ਜਾ ਆ ਰਹੇ



Sri Satguru Jagjit Singh Ji eLibrary NamdhariElibrary@gmail.com

ਸਨ, ਕੁਝ ਕੀਰਤਨ ਸੁਣ ਰਹੇ ਸਨ ਤੇ ਕੁਝ ਬਾਜ਼ਾਰ ਵਿਚ ਘੁੰਮ ਰਹੇ ਸਨ। ਪਹਾੜੀ ਵਾਤਾਵਰਣ ਹੋਣ ਕਰਕੇ ਮੌਸਮ ਬਹੁਤ ਹੀ ਸੁਹਾਵਣਾ ਬਣਿਆ ਹੋਇਆ ਸੀ। ਇਥੇ ਵੀ ਸ੍ਰੀ ਅਖੰਡ ਪਾਠ ਆਰੰਭ ਕਰਕੇ ਭੋਗ ਪਾਇਆ ਗਿਆ ਤੇ ਭੋਗ ਉਪਰੰਤ ਸੰਗਤਾਂ ਨੂੰ ਜਥੇ ਦੇ ਲੀਡਰ ਸ੍ਰ. ਸੁਰਿੰਦਰਪਾਲ ਸਿੰਘ ਮਾਨ ਦੀਆਂ ਖਾਸ ਕੋਸ਼ਿਸ਼ਾਂ ਸਦਕਾ ਰਾਵਲਪਿੰਡੀ ਬੱਸਾਂ ਰਾਹੀਂ ਲਿਜਾਇਆ ਗਿਆ, ਜਿਥੇ ਕਿ ਸੰਗਤਾਂ ਨੇ ੪ ਘੰਟੇ ਖੂਬ ਸ਼ਾਪਿੰਗ ਕੀਤੀ। ਦੁਪਹਿਰ ਦਾ ਲੰਗਰ ਸ਼ਾਮ ੪ ਵਜੇ ਵਾਪਸ ਗੁਰਦੁਆਰਾ ਸਾਹਿਬ ਆ ਕੇ ਹੀ ਛਕਿਆ। ਰਾਤ ੮ ਵਜੇ ਗੱਡੀ ਰਾਹੀਂ ਲਾਹੌਰ ਚੱਲਣ ਦਾ ਪ੍ਰੋਗਰਾਮ ਸੀ। ਸੰਗਤਾਂ ਆਪੋ ਆਪਣੇ ਸਾਧਨਾਂ ਰਾਹੀਂ ੬ ਵਜੇ ਜਾ ਕੇ ਗੱਡੀ 'ਚ ਸੀਟਾਂ ਮੱਲ ਕੇ ਬਹਿ ਗਈਆਂ। ਅੰਮ੍ਰਿਤ ਵੇਲੇ ਸਵਾ ਕੁ ਪੰਜ ਵਜੇ ਲਾਹੌਰ ਪੁਜ ਗਏ।

ਲਾਹੌਰ ਪਹੁੰਚ ਕੇ ਮਹਿਮੂਦ ਸਾਹਿਬ ਸ਼ਾਇਦ ਸੇਵਾ ਨਿਭਾ ਕੇ ਥੱਕ ਚੁੱਕੇ ਸਨ ਤੇ ਬਾਕੀ ਵੀ ਬੋਰਡ ਇਥੇ ਸੁਤਾ ਹੀ ਰਿਹਾ। ਬਦਾਮੀ ਬਾਗ ਸਟੇਸ਼ਨ ਤੇ ਨਾ ਤਾਂ ਕੋਈ ਸਵਾਗਤ ਲਈ ਆਇਆ ਤੇ ਨਾ ਹੀ ਬਾਹਰ ਬੱਸਾਂ ਟਾਂਗੇ ਜਾਂ ਹੋਰ ਕੋਈ ਪ੍ਰਬੰਧ ਸੀ। ਸੰਗਤਾਂ ਸਮਾਨ ਮੋਢਿਆਂ ਤੇ ਚੁਕਿਆ ਤੇ ਪੈਦਲ ਮਾਰਚ ਕਰਦੇ ਹੋਏ, ਬਹੁਤ ਹੀ ਗੰਦੀ ਸੜਕ ਦੇ ਚਿੱਕੜ ਚੋਂ ਲੰਘਦੇ ਹੋਏ, ਮੁਖ ਸੜਕ ਤੇ ਆਈਆਂ ਤੇ ਜੋ ਸਾਧਨ ਮਿਲੇ, ਗੁਰਦੁਆਰੇ ਪਹੁੰਚਣ ਦੀ ਕੀਤੀ। ਪਾਰਟੀ ਲੀਡਰ ਵੀ ਆਪ ਹੀ ਥਰੀ ਵ੍ਹੀਲਰ ਕਰਦੇ ਵੇਖੇ ਗਏ। ਪਹਿਲੇ ਚਾਹਾਂ ਸ਼ਹਿਰਾਂ ਦੀ ਨਿਸਬਤ ਇਥੇ ਗਰਮੀ ਵੀ ਅੱਤ-ਦਰਜੇ ਦੀ ਸੀ। ਆਟੋ ਵਾਲਿਆਂ ਨੇ ਮੂੰਹ ਮੰਗੇ ਪੈਸੇ ਲਏ, ਕਈ ਯਾਤਰੂ ਪੈਦਲ ਹੀ ਗੁਰਦੁਆਰਾ ਸਾਹਿਬ ਤਕ ਪਹੁੰਚੇ।

ਡੇਹਰਾ ਸਾਹਿਬ, ਲਾਹੌਰ ਵਿਖੇ ਬਹੁਤ ਹੀ ਘਟ ਕਮਰੇ ਹਨ। ਪ੍ਰਬੰਧਕਾਂ ਦੇ ਕਬਜ਼ੇ ਹੇਠ ਕਾਫ਼ੀ ਕਮਰੇ ਹਨ, ਸੰਗਤਾਂ ਲਈ ੬੦ ਕੁ ਕਮਰੇ ਖੋਹਲੇ ਗਏ, ਬਾਹਰ ਦੋ ਥਾਵਾਂ ਤੇ ਟੈਂਟ ਲਗਾ ਕੇ ਸੰਗਤਾਂ ਨੂੰ ਠਹਿਰਾਇਆ ਗਿਆ। ਸ੍ਰੀ ਆਖੰਡ ਪਾਠ ਸਾਹਿਬ ਦਾ ਪਾਠ ਅਰੰਭਿਆ ਹੋ ਗਿਆ ਤੇ ਭੋਗ ਵਾਲੇ ਦਿਨ ਫਿਰ ਵਕਫ ਬੋਰਡ ਦੀ ਬੇਰੁੱਖੀ ਦੇਖਣ ਨੂੰ ਮਿਲੀ। ਸਵੇਰੇ ੭ ਵਜੇ ਹੀ ਬਿਜਲੀ ਪਾਣੀ ਬੰਦ ਹੋ ਗਿਆ। ਕੋਈ ਜਨਰੇਟਰ ਦਾ ਇੰਤਜ਼ਾਮ ਨਹੀਂ ਸੀ। ਸ੍ਰੀ ਆਖੰਡ ਪਾਠ ਦੇ ਭੋਗ ਸਮੇਂ ਦੇ ਅੰਤਮ ਕਾਰਜ ਵਿਚ ਵੀ ਇਸੇ ਕਰਕੇ ਹਾਜ਼ਰੀ ਕਾਫ਼ੀ ਘਟ ਰਹੀ। ਚਾਰ ਘੰਟੇ ਬਾਦ ਵਕਫ਼ ਬੋਰਡ ਇਹ ਇੰਤਜ਼ਾਮ ਕਰ ਸਕਿਆ। ਪਾਰਟੀ ਲੀਡਰ ਵਲੋਂ ਵਕਫ਼ ਬੋਰਡ ਦੇ ਉੱਚ ਅਧਿਕਾਰੀਆਂ, ਰੇਡੀਓ ਟੀ. ਵੀ. ਦੇ ਪ੍ਰਤੀਨਿਧਾਂ ਦਾ ਸਿਰੋਪਾਓ ਦੇ ਰਸਮੀ ਜਿਹਾ ਸਨਮਾਨ ਕੀਤਾ ਗਿਆ। ਬਾਕੀ ਦਾ ਸਾਰਾ ਦਿਨ ਸੰਗਤਾਂ ਬਜ਼ਾਰਾਂ ਤੇ ਬਾਗਾਂ ਵਿਚ ਘੁੰਮਦੀਆਂ ਰਹੀਆਂ। ਠੰਡੇ ਮਿਠੇ ਜਲ ਦੀਆਂ ਛਬੀਲਾਂ ਤਿੰਨੇ ਦਿਨ ਹੀ ਗੁਰਦਵਾਰਾ ਸਾਹਿਬ ਵਿਖੇ ਲਗੀਆਂ ਰਹੀਆਂ ਤੇ ਗੁਰੂ ਦਾ ਅਤੁੱਟ ਲੰਗਰ ਹਰ ਸਮੇਂ ਚਲਦਾ ਰਿਹਾ।

ਸਿੰਧੀਆਂ, ਪਿਸ਼ੌਰੀਆਂ ਦੀ ਸੇਵਾ ਵੇਖ ਕੇ ਉਹਨਾਂ ਅੱਗੇ ਸਿਰ ਨਿਵਦਾ ਹੈ। ਭਾਰਤ 'ਚੋਂ ਗਏ ਮਸਾਂ ੧੦ ਫ਼ੀਸਦੀ ਲੋਕ ਹੀ ਸੇਵਾ ਕਰਦੇ ਹਨ। ਬਹੁਤ ਘੱਟ ਲੋਕ ਸ਼ਰਧਾ-ਭਾਵਨਾ ਨਾਲ ਇਸ ਯਾਤਰਾ ਤੇ ਜਾਂਦੇ ਹਨ। ਸਿੱਖ ਧਰਮ ਦੇ ਮੁਢਲੇ ਅਸੂਲਾਂ ਨੂੰ ਭੁਲਾ ਕੇ ਬਹੁਤੇ ਲੋਕ ਗੱਡੀ ਵਿਚ ਲੇਟ ਕੇ ਜਾਂਦੇ ਹਨ, ਬਾਕੀ ਸਵਾਰੀਆਂ ਭਾਵੇਂ ਕੋਲ ਖਲੋ ਕੇ ਜਾਣ। ਵੰਡ ਕੇ ਛਕਣਾ ਤੇ ਦੂਜਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਸਾਨੂੰ ਅਜੇ ਆਈ ਨਹੀਂ। ਵਕਫ਼ ਬੋਰਡ ਜਿਥੇ ਗੁਰਦੁਆਰਾ ਸਾਹਿਬ ਵਿਖੇ ਕਮਰੇ ਅਲਾਟ ਕਰਦਾ ਹੈ, ਉਥੇ ਜੇਕਰ ਸ਼ਰੋਮਣੀ ਕਮੇਟੀ ਵਾਲੇ ਰੇਲਵੇ ਦੀਆਂ ਟਿਕਟਾਂ ਦੇਣ ਵੇਲੇ ਸੀਟ ਨੰਬਰ ਵੀ ਅਲਾਟ ਕਰ ਦੇਣ ਤਾਂ ਇਸ ਮੁਸ਼ਕਲ ਤੋਂ ਬਚਿਆ ਜਾ ਸਕਦਾ ਹੈ।

ਆਪਣੇ ਦੇਸ਼ ਵਿਚ ਨਾ ਸਹੀ, ਦੂਜੇ ਦੇਸ਼ ਜਾ ਕੇ ਵੀ ਅਸੀਂ ਆਪਣਾ ਪ੍ਰਭਾਵ ਨਹੀਂ ਪਾ ਸਕੇ। ਸਵੇਰੇ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਸਮੂਹ ਸੰਗਤ ਦੀ ਹਾਜ਼ਰੀ ਲਾਜ਼ਮੀ ਹੋਣੀ ਚਾਹੀਦੀ ਹੈ। ਪਰ ਇਥੇ ਸਵੇਰੇ ਹੀ ਸੰਗਤਾਂ ਗੁਰ-ਦੁਆਰਾ ਸਾਹਿਬ ਅਜੇ ਸਵੇਰ ਦੇ ਸਮਾਗਮ ਦਾ ਭੋਗ ਨਹੀਂ ਪਿਆ ਹੁੰਦਾ, ਸੰਗਤਾਂ ਗਲ ਵਿਚ ਥੈਲੇ ਲਟਕਾ ਕੇ ਬਜ਼ਾਰ ਪਹੁੰਚ ਜਾਂਦੀਆਂ ਹਨ।

੧੪੪੦/-ਰੁਪੈ ਪ੍ਰਤੀ ਪਾਸਪੋਰਟ ਦੇ ਹਿਸਾਬ ਰਕਮ ਨਾਲ ਲਿਜਾਣ ਦੀ ਇਜਾਜ਼ਤ ਸੀ, ਉਸ ਦਾ ਸੰਗਤਾਂ ਨੇ ਖੂਬ ਫਾਇਦਾ ਉਠਾਇਆ। ਕੱਪੜਾ, ਬਾਦਾਮ, ਸੌਗੀ ਆਦਿ ਕਾਫੀ ਸਸਤੇ ਹੋਣ ਕਰਕੇ ਉਥੋਂ ਦਾ ਤੋਹਫ਼ਾ ਸਮਝ ਕੇ ਸੀਮਤ ਮਾਤਰਾ ਵਿਚ ਨਾਲ ਲਿਜਾਣ ਦੀ ਖੁਲ੍ਹ ਸੀ, ਪਰ ਇਕ ਦੋ ਸਵਾਰੀਆਂ ਨੇ ਇਸ ਤੋਹਫ਼ੇ ਦੀ ਨਿਸ਼ਾਨੀ ਦਾ ਵੀ ਰੱਜ ਕੇ ਨਾਜਾਇਜ਼ ਫਾਇਦਾ ਉਠਾਇਆ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਿਨ੍ਹਾਂ ਅੰਦਰ ਆਪਣੇ ਗੁਰੂਆਂ ਲਈ ਅਥਾਹ ਪਿਆਰ ਸੀ, ਉਹਨਾਂ ਨੇ ਉਹਨਾਂ ਦੀਆਂ ਮਿੱਠੀਆਂ ਯਾਦਗਾਰਾਂ ਤੇ ਪ੍ਰੇਮ ਨਿਸ਼ਾਨੀਆਂ ਨੂੰ ਰੱਜ ਕੇ ਚੁੰਮਿਆ ਤੇ ਦਿਲਾਂ 'ਚ ਉਸ ਤੀਰਥ ਦੀ ਇਕ ਅਮਿੱਟ ਯਾਦ ਨਾਲ ਲੈ ਕੇ ਆਏ ਹਨ, ਬਾਕੀਆਂ ਬਾਰੇ ਕੀ ਕਿਹਾ ਜਾ ਸਕਦਾ ਹੈ? (卍)



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਅਗਸਤ-ਸਤੰਬਰ ਦੇ ਵਰਿਆਮ ਨੂੰ ਪੜ੍ਹਦਿਆਂ ਇਕ ਵਿਲੱਖਣ ਤੇ ਸੁਖਦ ਸੰਤੋਖ ਦਾ ਅਨੁਭਵ ਹੋਇਆ ਹੈ। ਇਸ ਅੰਕ ਵਿਚ ਗੁਰਬਖਸ਼ ਸਿੰਘ ਬੰਨੋਆਣਾ ਦੀ ਖੋਜ ਦੀ ਬਦੋਲਤ ਆਏ ਬਾਬਾ ਸੋਹਨ ਸਿੰਘ ਭਕਨਾ ਦੇ ਵਿਚਾਰ, 'ਮਾਸਟਰ ਤਾਰਾ ਸਿੰਘ ਅਤੇ ਸ੍ਰੀ ਭੈਣੀ ਸਾਹਿਬ ਦੀ ਸਰਬ ਸੰਪਰਦਾਇ ਕਾਨਫਰੰਸ' ਸਿਰਲੇਖ ਵਾਲੇ ਆਪ ਦੇ ਲੇਖ ਰਾਹੀਂ ਪ੍ਰਗਟ ਮਾਸਟਰ ਤਾਰਾ ਸਿੰਘ ਜੀ ਦੇ ਵਿਚਾਰ, 'ਗਿਆਨ ਧਾਰਾ ਦਾ ਸਿੰਧੂ ਪਰਵਾਹ' ਨਾਮੀ ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਜੀ ਦਾ ਲੇਖ, 'ਕੂਕਾ ਅੰਦੋਲਨ' ਸਿਰਲੇਖ ਵਾਲਾ ਡਾ. ਫੌਜਾ ਸਿੰਘ ਜੀ ਦਾ ਲੇਖ, 'ਅਮਾਨਤ ਵਿਚ ਖਿਆਨਤ' ਅਤੇ 'ਸਰਕਾਰੀ ਕਰਜ਼ੇ ਦਾ ਭੁਗਤਾਨ' ਸਿਰਲੇਖ ਹੇਠਲੀਆਂ ਪਿਆਰਾ ਸਿੰਘ ਦਾਤਾ ਜੀ ਦੀਆਂ ਸਿਮਰਤੀਆਂ, 'ਕੋਈ ਮੁਸਲਮਾਨ ਮਾਰਿਐ ?' ਸਿਰਲੇਖ ਹੇਠ ਆਪ ਵਲੋਂ ਲਿਖੇ 'ਖਿਲਰੇ ਪੱਤਰੇ', 'ਪਰਦੇਸਾਂ ਵਿਚ ਸਿੱਖ ਵਿਰਸੇ ਦੀ ਸੰਭਾਲ' ਨਾਮ ਦਾ ਡਾ. ਜਸਵੰਤ ਸਿੰਘ ਜੱਸ ਦਾ ਲੇਖ, 'ਪਿੰਡ ਦੀਆਂ ਯਾਦਾਂ' ਨਾਮ ਦੀ ਗੁਰਦੇਵ ਸਿੰਘ ਹੰਜਰਾ ਦੀ ਰਚਨਾ, 'ਸੁਖਾਵੇਂ ਪਲ ਉਡੀਕ ਰਹੇ ਹਨ' ਹੈਡਿੰਗ ਵਾਲੀ ਆਪ ਦੀ ਰਮਯ ਰਚਨਾ, 'ਇੰਦਰ ਸਿੰਘ ਨਾਮਧਾਰੀ', ਸਿਰਲੇਖ ਹੇਠ ਆਤਮਾ ਸਿੰਘ ਸਨਖਤਰਵੀ ਜੀ ਵਲੋਂ ਕਰਵਾਈ ਇਕ ਸਿਆਸੀ ਸ਼ਖਸੀਅਤ ਦੀ ਪਛਾਣ, ਪ੍ਰੋਫੈਸਰ ਪ੍ਰੀਤਮ ਸਿੰਘ ਜੀ ਵਲੋਂ ਅਨੁਵਾਦਿਤ ਰਾਜਿੰਦਰ ਸਿੰਘ ਬੇਦੀ ਦੀ ਕਹਾਣੀ 'ਗਰਮ ਕੋਟ' ਸੁਰਜੀਤ ਖ਼ੁਰਸ਼ੀਦੀ ਦੀ ਕਵਿਤਾ 'ਅੱਧੀ ਰਾਤ' ਤੇ ਮੇਰਾ ਲਿਖਿਆ 'ਟੈਗੋਰ, ਖੁਸ਼ਵੰਤ ਬਾਣੀ ਅਤੇ ਮਾਈਕਲ ਜੈਕਸਨ' ਨਾਮੀ ਲੇਖ, ਇਹ ਸਭ ਰਚਨਾਵਾਂ ਵਰਿਆਮ ਦੇ ਇਸ ਅੰਕ ਨੂੰ ਸਾਹਿਤ, ਸੰਸਕ੍ਰਿਤੀ, ਇਤਿਹਾਸ ਧਰਮ ਤੇ ਰਾਜਨੀਤੀ ਦਾ ਪ੍ਰਤੀਨਿਧੀ ਵਿਸ਼ੇਸ਼ ਅੰਕ ਬਣਾ ਗਈਆਂ ਹਨ। ਇਹ ਗੱਲ ਨਿਸਚੇ ਨਾਲ ਆਖਣ ਨੂੰ ਜੀ ਕਰਦਾ ਹੈ ਕਿ ਵਰਿਆਮ ਦਾ ਇਹ ਅੰਕ ਵਿਲੱਖਣ ਹੈ। ਆਪਣੇ ਆਪ ਵਿਚ ਆਪਣੇ ਜਿਹਾ ਹੈ।

ਉਪਰ ਦਸੀਆਂ ਸਾਰੀਆਂ ਰਚਨਾਵਾਂ ਵਿਚੋਂ ਬਹੁਤੀਆਂ ਨਾਮਧਾਰੀ ਇਤਿਹਾਸ ਅਤੇ ਨਾਮਧਾਰੀ ਸ਼ਖਸੀਅਤਾਂ ਨਾਲ ਸੰਬੰਧਤ ਹੋਣ ਤੇ ਵੀ ਇੰਜ ਨਹੀਂ ਲਗਦਾ ਕਿ ਇਹ ਬਾਰ ਬਾਰ ਦੋਹਰਾਈਆਂ ਇਤਿਹਾਸਕ ਘਟਨਾਵਾਂ ਨੂੰ ਫਿਰ ਤੋਂ ਦੋਹਰਾ ਰਹੀਆਂ ਹਨ। ਬਲਕਿ ਇਹਨਾਂ ਰਚਨਾਵਾਂ ਨੂੰ ਪੜ੍ਹ ਕੇ ਲਗਦਾ ਹੈ ਕਿ ਜਾਂ ਤੇ ਨਾਮਧਾਰੀ ਇਤਿਹਾਸ ਦੇ ਕੁਝ ਗਵਾਚੇ ਤੱਥਾਂ ਨੂੰ ਪੇਸ਼ ਕਰਦੀਆਂ ਹਨ ਜਾਂ ਨਾਮਧਾਰੀ ਇਤਿਹਾਸ ਨੂੰ ਅਤੇ ਸਿਖ ਇਤਿਹਾਸ ਨਾਲ ਸੰਬੰਧਤ ਸ਼ਖਸੀਅਤਾਂ ਨੂੰ ਉਹਨਾਂ ਦੇ ਨਿਰੋਲ ਸੁੱਚੇ ਸੋਨੇ ਜਿਹੇ ਬਿਨ ਮੁਲੰਮੇ ਰੂਪ ਨੂੰ ਉਘਾੜਦੀਆਂ ਹਨ। ਫਿਰ ਕੁਝ ਜ਼ਰੂਰੀ ਸਵਾਲ ਜਗਾਉਂਦੀਆਂ ਹੋਈਆਂ ਸਾਰੇ ਇਤਿਹਾਸ ਨੂੰ ਨਵੇਂ ਸਿਰੇ ਸਮਝਣ ਲਈ ਵੀ ਉਕਸਾਉਂਦੀਆਂ ਲਗਦੀਆਂ ਹਨ।

ਜਿਵੇਂ ਮਾਸਟਰ ਤਾਰਾ ਸਿੰਘ ਜੀ ਲਿਖਦੇ ਹਨ, "ਧਾਰਮਕ ਜੀਵਨ ਕਿਸੇ ਦਾ ਛੇਤੀ ਪੜਤਾਲਣਾ ਨਾ ਸੌਖਾ ਹੁੰਦਾ ਹੈ ਤੇ ਨਾ ਹੀ ਚੰਗਾ ਹੁੰਦਾ ਹੈ, ਪਰ ਉਹਨਾਂ ਦੀ ਲਿਆਕਤ ਵੇਖ ਕੇ ਮੈਂ ਇਹ ਕਹਿ ਸਕਦਾ ਹਾਂ ਕਿ ਜੇ (ਕੂਕਿਆਂ ਵਿਚ) ਗੁਰਿਆਈ ਦੀ ਗੱਦੀ ਉਹਨਾਂ ਨੂੰ ਨਾ ਭੀ ਮਿਲੀ ਹੁੰਦੀ ਤੇ ਕੂਕੇ ਆਪ ਆਪਣਾ ਗੁਰੂ ਚੁਣਦੇ ਤਾਂ ਨਿਸਚਾ ਹੈ ਕਿ ਉਹ ਸਰਬ ਸੰਮਤੀ ਨਾਲ ਬਾਬਾ ਪਰਤਾਪ ਸਿੰਘ ਜੀ ਨੂੰ ਹੀ ਗੁਰੂ ਚੁਣਦੇ।" ਮਾਸਟਰ ਜੀ ਹੋਰ ਲਿਖਦੇ ਹਨ—"ਆਪ ਨੇ (ਸਤਿਗੁਰੂ ਪਰਤਾਪ ਸਿੰਘ ਜੀ ਨੇ) ਪੰਥਕ ਦਸ਼ਾ ਨੂੰ ਪਲਟਨ ਲਈ ਜੋ ਉੱਦਮ ਕੀਤਾ ਹੈ ਉਹ ਬਹੁਤ ਹੀ ਗੁਣਕਾਰ ਹੋਇਆ ਹੈ। ਆਮ ਲੋਕਾਂ ਵਿਚ ਇਹ ਖ਼ਿਆਲ ਖਿਲਰ ਗਿਆ ਹੈ ਕਿ ਅਕਾਲੀ ਨਾਮਧਾਰੀ, ਉਦਾਸੀ ਤੇ ਨਿਰਮਲੇ ਸਭ ਇਕੱਠੇ ਹੋ ਗਏ ਹਨ। ਇਸ ਨਾਲ ਜੋ ਝਗੜੇ ਥਾਂ ਥਾਂ ਹੋਇਆ ਕਰਦੇ ਸਨ ਉਹ ਰੁਕ ਜਾਣਗੇ। ਪਰ ਇਸ ਏਕਤਾ ਨੂੰ ਪੱਕਿਆਂ ਕਰਨ ਲਈ ਤੇ ਕਈ ਸਾਲਾਂ ਦਾ ਵਿਰੋਧ ਧੋਣ ਲਈ ਅਜੇ ਬਹੁਤ ਕੰਮ ਦੀ ਲੋੜ ਹੈ। ਮੈਂ ਆਸ ਕਰਦਾ ਹਾਂ ਕਿ ਆਪ ਉੱਦਮ ਜਾਰੀ ਰਖੋਗੇ। ਆਪ ਨੇ ਠੀਕ ਵੇਲੇ ਆਪਣਾ ਫਰਜ਼ ਪਛਾਣ ਕੇ ਗੁਰੂ ਪੰਥ ਦੀ ਸੇਵਾ ਸੰਭਾਲੀ ਹੈ ਤੇ ਹੁਣ ਇਸਨੂੰ ਤੋੜ ਚੜ੍ਹਾਉਣ ਲਈ ਵੀ ਉੱਦਮ ਕਰੀ ਚਲੋ ਤੇ ਗੁਰੂ ਆਪ ਨੂੰ ਹਿੰਮਤ ਤੇ ਬਰਕਤ ਬਖਸ਼ੇਗਾ।"

ਜਗਦੀਸ਼ ਸਿੰਘ ਜੀ, ਆਪ ਨੇ "ਸਿੱਖ ਸੰਮੇਲਨ ਭੈਣੀ ਸਾਹਿਬ ਤੋਂ ਅੰਮ੍ਰਿਤਸਰ" ਨਾਮੀ ਸੰਪਾਦਕੀ ਵਿਚ ਲਿਖਿਆ ਹੈ—"ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਅੰਮ੍ਰਿਤਸਰ ਵਿਚ ਪੰਜ-ਦਿਵਸੀ ਵਿਸ਼ਵ ਸਿੱਖ



Sri Satguru Jagjit Singh Ji eLibrary NamdhariElibrary@gmail.com

ਸੰਮੇਲਨ ੨੫ ਦਸੰਬਰ ਨੂੰ ਸਮਾਪਤ ਹੋਇਆ। ਜਦੋਂ ਕੌਮਾਂ-ਧਰਮਾਂ ਅੱਗੇ ਕੋਈ ਗੰਭੀਰ ਮਸਲੇ ਹੋਣ ਜਾਂ ਪ੍ਰਸਪਰ ਵਿਚਾਰ ਵਟਾਂਦਰੇ ਦੀ ਲੋੜ ਹੋਵੇ ਤਾਂ ਅਜੇਹੇ ਸੰਮੇਲਨ ਮੀਲ-ਪੱਥਰ ਸਾਬਤ ਹੁੰਦੇ ਹਨ। ਅੱਜ ਤੋਂ ਅਕਾਹਠ ਸਾਲ ਪਹਿਲਾਂ ਇਨ੍ਹਾਂ ਹੀ ਦਿਨਾਂ ਵਿਚ ਇਕ ਸੰਮੇਲਨ ਹੋਇਆ ਸੀ। ਉਹ ਸੀ ੧੩ ਅਕਤੂਬਰ ੧੯੩੪ ਨੂੰ ਸ੍ਰੀ ਭੈਣੀ ਸਾਹਿਬ ਵਿਚ ਹੋਣ ਵਾਲੀ ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ।" ਆਪ ਨੇ ਅੱਗੇ ਜਾ ਕੇ ਲਿਖਿਆ ਹੈ, "ਵਿਸ਼ਵ ਸਿੱਖ ਸੰਮੇਲਨ ਅੰਮ੍ਰਿਤਸਰ ੧੯੯੫ ਬਹੁਤ ਵੱਡ-ਆਕਾਰੀ ਸੰਮੇਲਨ ਸੀ। ਇਸ ਦੀ ਚਰਚਾ ਇਸ਼ਤਿਹਾਰਾਂ ਰਾਹੀਂ ਅਤੇ ਲੇਖਾਂ ਰਾਹੀਂ ਅਖਬਾਰਾਂ ਵਿਚ ਬਹੁਤ ਸੀ। ਬਹੁਤ ਵੱਡੀ ਪੱਧਰ ਤੇ ਕਰੋੜਾਂ ਰੁਪਏ ਦੇ ਖਰਚੇ ਨਾਲ ਇਹ ਆਯੋਜਿਤ ਕੀਤਾ ਗਿਆ।

ਜਿਨ੍ਹਾਂ ਨੂੰ ੧੯੩੪ ਵਾਲੀ ਕਾਨਫਰੰਸ ਦੀ ਕੁਝ ਯਾਦ ਸੀ ਉਹ ਇਸ ਸੰਮੇਲਨ ਬਾਰੇ ਓਹੋ ਜਿਹੀ ਆਸ ਰੱਖਦੇ ਸਨ। ਅਕਸਰ ਸ਼ਿਰੋਮਣੀ ਪੱਤਰਕਾਰ ਸ. ਗੁਰਬਖਸ਼ ਸਿੰਘ ਬੰਨੋਆਣਾ ਦੀ ਪੁੱਛ ਹੁੰਦੀ, "ਕੀ ਨਾਮਧਾਰੀਆਂ ਨੂੰ ਇਸ ਕਾਨਫਰੰਸ ਵਾਸਤੇ ਸੱਦਿਆ ਗਿਆ ਹੈ ਕਿ ਨਹੀਂ?" ਸਾਡਾ ਉੱਤਰ ਹੁੰਦਾ 'ਪਤਾ ਨਹੀਂ।' ਸਿੱਖ ਸਮਾਜ ਦੀਆਂ ਕੁਝ ਸੰਪਰਦਾਵਾਂ ਜਿਨ੍ਹਾਂ ਨੂੰ ਸੰਤ ਸਮਾਜ ਵਜੋਂ ਪਛਾਣਿਆ ਜਾਂਦਾ ਹੈ ਉਹ ਐਲਾਨੀਆ ਇਸ ਸੰਮੇਲਨ ਤੋਂ ਵੱਖ ਸਨ ਅਤੇ ਇਵੇਂ ਹੀ ਕੁਝ ਅਕਾਲੀ ਗਰੁਪ ਵੀ।"

ਮਾਸਟਰ ਤਾਰਾ ਸਿੰਘ ਜੀ ਦੀ ਪਹਿਲਾਂ ਦਿਤੀ ਲਿਖਤ ਅਤੇ ਆਪ ਜੀ ਦੇ ਸੰਪਾਦਕੀ ਤੋਂ ਇਕ ਗੱਲ ਸਾਫ ਤੌਰ ਤੇ ਉੱਘੜਕੇ ਸਾਹਮਣੇ ਆਉਂਦੀ ਹੈ ਕਿ ਇਕਾਹਠ ਸਾਲ ਪਹਿਲਾਂ 'ਗੁਰੂ ਪੰਥ ਦੀ ਸੇਵਾ' ਵਾਲੀ 'ਪਹਿਲਕਦਮੀ' ਨਾਮਧਾਰੀਆਂ ਦੇ ਆਪਣੇ ਉੱਦਮ ਸਦਕਾ ਉਨ੍ਹਾਂ ਦੇ ਆਪਣੇ ਹੱਥ ਵਿਚ ਸੀ।

ਅੱਜ ਦੇ ਹਾਲਾਤ ਵਿਚ ਜਿਹੜਾ ਵਿਸ਼ਵ ਸਿੱਖ ਸੰਮੇਲਨ ਸ੍ਰੀ ਅੰਮ੍ਰਿਤਸਰ ਵਿਚ ੨੫ ਸਤੰਬਰ ਨੂੰ ਸਮਾਪਤ ਹੋਇਆ ਹੈ—ਉਸ ਬਾਰੇ ਮੇਰਾ ਵਿਚਾਰ ਇਹ ਹੈ ਕਿ ਇਸ ਸੰਮੇਲਨ ਤੇ ੧੯੩੪ ਵਾਲੇ ਸ੍ਰੀ ਭੈਣੀ ਸਾਹਿਬ ਦੇ ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਦੇ ਮਨੋਰਥਾਂ ਦਾ ਆਪਸ ਵਿਚ ਕੋਈ ਮੇਲ ਨਹੀਂ। ੧੯੩੪ ਦੀ ਕਾਨਫਰੰਸ ਸਾਰੀਆਂ ਸਿੱਖ ਸੰਪਰਦਾਵਾਂ ਵਿਚ ਮੇਲ-ਮਿਲਾਪ ਦੇ ਮਨੋਰਥ ਲਈ ਬੁਲਾਈ ਗਈ ਸੀ। ਅਕਾਲੀ ਪਾਰਟੀ ਵੀ ਉਦੋਂ ਇਕ ਸੰਪਰਦਾਇ ਦੇ ਰੂਪ ਵਿਚ ਹੀ ਆਪਣੀ ਪਛਾਣ ਰੱਖਦੀ ਸੀ। ਉਦੋਂ ਅਜੇ ਅਕਾਲੀਆਂ ਦੇ ਆਪਣੇ ਸਾਹਮਣੇ ਇਕ ਰਾਜ ਕਰ ਸਕਣ ਵਾਲੀ ਪਾਰਟੀ ਜਾਂ ਸੰਪਰਦਾਇ ਦੇ ਰੂਪ ਵਿਚ ਆਪਣੀ ਪਛਾਣ ਪੂਰੀ ਨਹੀਂ ਸੀ ਉੱਘੜੀ। ਉਦੋਂ ਅਜੇ ਇਸ ਗੱਲ ਦਾ ਕਿਸੇ ਨੂੰ ਵੀ ਅੰਦਾਜ਼ਾ ਨਹੀਂ ਸੀ ਕਿ ਭਾਰਤ ਤੇ ਪੰਜਾਬ ਦਾ ਕੁਝ ਹਿੱਸਾ ਪਾਕਿਸਤਾਨ ਨਾਮ ਦਾ ਦੇਸ਼ ਬਣ ਜਾਏਗਾ। ਉਦੋਂ ਅਕਾਲੀਆਂ ਦਾ ਸੰਘਰਸ਼ ਕੁਝ ਵਧ ਅਧਿਕਾਰਾਂ ਵਾਲੀ ਜਮਾਤ ਦੇ ਰੂਪ ਵਿਚ ਆਪਣੇ ਆਪ ਨੂੰ ਸਥਾਪਤ ਕਰਨ ਦਾ ਤਾਂ ਹੈ ਸੀ, ਪਰ ਪੰਜਾਬ ਦੀ ਇਕੋ-ਇਕ ਰਾਜਸੱਤਾ ਵਾਲੀ ਪਾਰਟੀ ਦੇ ਰੂਪ ਵਿਚ ਇਹ ਆਪਣੇ ਆਪ ਨੂੰ ਨਹੀਂ ਸੀ ਵੇਖਦੀ।

ਪਰ ਅੱਜ ਹਾਲਤ ਬਿਲਕੁਲ ਵੱਖਰੀ ਹੈ। ਪੰਜਾਬ ਦੀ ਪਹਿਲੀ (੧੯੪੭ ਦੀ) ਵੰਡ ਤੋਂ ਬਾਅਦ ਪੰਜਾਬੀ ਸੂਬੇ ਦੇ ਰੂਪ ਵਿਚ ਦੂਜੀ ਵੰਡ ਪਿਛੋਂ ਅਕਾਲੀ ਪਾਰਟੀ ਦੇ ਸਾਹਮਣੇ ਜਦੋਂ ਵੀ ਏਕਤਾ ਦਾ ਸਵਾਲ ਆਇਆ, ਉਹ ਆਪਣੇ ਆਪ ਨੂੰ ਇਕ ਸ਼ਾਸਨ ਕਰਨ ਵਾਲੀ ਪਾਰਟੀ ਦੇ, ਸ਼ਾਸਨ ਲਈ ਆਪਸ ਵਿਚ ਟਕਰਾਉਂਦੇ ਅਕਾਲੀ ਧੜਿਆਂ ਦੀ ਏਕਤਾ ਦੇ ਸਵਾਲ ਦੇ ਰੂਪ ਵਿਚ ਆਇਆ ਹੈ। ਪਿਛਲੇ ਕੁਝ ਮਹੀਨਿਆਂ ਵਿਚ ਅਕਾਲੀ ਧੜਿਆਂ ਨੂੰ ਇਸ ਮਨੋਰਥ ਵਿਚ ਕੁਝ ਵਕਤੀ ਤੇ ਅੰਸ਼ਕ ਕਾਮਯਾਬੀ ਵੀ ਹਾਸਲ ਹੋਈ ਹੈ। ੨੫ ਸਤੰਬਰ ਨੂੰ ਸਮਾਪਤ ਹੋਣ ਵਾਲਾ ਵਿਸ਼ਵ ਸਿੱਖ ਸੰਮੇਲਨ ਓਸੇ ਏਕਤਾ ਨੂੰ ਕੁਝ ਹੋਰ ਪੱਕਿਆਂ ਕਰਨ ਦੇ ਇਰਾਦੇ ਨਾਲ ਹੋਇਆ ਹੈ। ਦੂਜੀਆਂ ਸਿੱਖ ਸੰਪਰਦਾਵਾਂ ਜਾਂ ਸੰਤ ਸਮਾਜਾਂ ਦਾ ਇਸ ਸੰਮੇਲਨ ਵਿਚ ਸ਼ਾਮਲ ਹੋਣ ਦਾ ਕੋਈ ਕਾਰਨ ਹੀ ਨਹੀਂ ਸੀ—ਇਸ ਲਈ ਉਹਨਾਂ ਨੇ ਸ਼ਾਮਲ ਨਾ ਹੋ ਕੇ ਕੋਈ ਗਲਤੀ ਨਹੀਂ ਕੀਤੀ ਅਤੇ ਅਕਾਲੀਆਂ ਨੇ ਵੀ ਉਨ੍ਹਾਂ ਨੂੰ 'ਨਾ ਬੁਲਾ ਕੇ' ਕੋਈ ਗਲਤੀ ਨਹੀਂ ਕੀਤੀ।

ਉਂਞ ਆਪਣੇ ਆਪਣੇ ਮਨੋਰਥਾਂ ਦੀ ਫਸਲ ਲਈ ਆਪਣੇ ਆਪਣੇ ਹਿੱਸੇ ਦੇ ਉੱਦਮ ਤੇ ਜਤਨ ਲਈ ਉਸ ਦੇ ਹਿੱਸੇ ਦੀ ਜ਼ਮੀਨ ਉਨ੍ਹਾਂ ਨੂੰ ਬੁਲਾਵਾ ਤਾਂ ਦੇਂਦੀ ਹੀ ਰਹਿੰਦੀ ਹੈ। ਜਿਹੜਾ ਬੀਜਦਾ ਗੋਡਦਾ ਹੈ ਉਹ ਪਾਉਂਦਾ ਵੀ ਹੈ। ਅਤੇ ਜਿਹੜਾ ਇਸ ਅਖੌਤ ਨੂੰ ਹੀ ਮੰਨ ਕੇ ਚਲਦਾ ਹੈ— "ਹੱਥੀਂ ਵਣਜ ਸੁਣੇਹੀਂ ਖੇਤੀ, ਕਦੇ ਨਾ ਹੁੰਦੇ ਬੱਤੀਆਂ ਦੇ ਤੇਤੀ"—ਉਹ ਬੱਤੀ ਵੀ ਗਵਾ ਬਹਿੰਦਾ ਹੈ।

ਗੁਰਬਖਸ਼ ਸਿੰਘ ਬੰਨੂੰਆਣਾ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਨੇ ਖੋਜ ਕਰਕੇ ਬਾਬਾ ਸੋਹਨ ਸਿੰਘ ਭਕਨਾ ਜੀ ਦੀ 'ਦਾਸਤਾਨ-ਇ-ਜ਼ਿੰਦਗੀ' ਲੱਭੀ ਤੇ ਬਾਬਾ ਜੀ ਦੀ ਆਪਣੀ ਲਿਖਤ ਵਿਚ ਉਨ੍ਹਾਂ ਦੀ ਕੂਕਾ ਅੰਦੋਲਨ ਵਿਚ ਹਿੱਸੇਦਾਰੀ ਨੂੰ



Sri Satguru Jagjit Singh Ji eLibrary NamdhariElibrary@gmail.com

ਵਰਿਆਮ ਦਾ ਸਤੰਬਰ-ਅਗਸਤ ੧੯੯੫ ਦਾ ਅੰਕ ਮਿਲਿਆ। ਇਸ ਅੰਕ ਦਾ ਵੱਡਾ ਹਿੱਸਾ ਸਾਨੂੰ ਨਾਮਧਾਰੀਆਂ ਦੇ ਅਮੀਰ ਵਿਰਸੇ ਤੋਂ ਜਾਣੂੰ ਕਰਵਾਉਂਦਾ ਹੈ। ਇਸ ਅੰਕ ਦੇ ਸਾਰੇ ਲੇਖਾਂ ਵਿਚੋਂ ਭਾਰਤੀ ਜੀ ਦਾ ਲਿਖਿਆ ਲੇਖ "ਟੈਗੋਰ, ਖ਼ੁਸ਼ਵੰਤ-ਬਾਣੀ ਅਤੇ ਮਾਈਕਲ ਜੈਕਸਨ" ਵਾਰ-ਵਾਰ ਪੜ੍ਹਨ ਤੇ ਜੀਅ ਕੀਤਾ। ਇਹਦੇ ਸਿਰਲੇਖ ਤੋਂ ਹੀ ਇਸ ਦੇ ਨਿਵੇਕਲੇਪਨ ਦਾ ਅਹਿਸਾਸ ਹੁੰਦਾ ਸੀ। ਰਾਵਿੰਦਰ ਨਾਥ ਟੈਗੋਰ, ਖ਼ੁਸ਼ਵੰਤ ਸਿੰਘ ਅਤੇ ਮਾਈਕਲ ਜੈਕਸਨ ਸ਼ਖਸੀਅਤ ਦੇ ਪੱਖੋਂ ਕਿੰਨੇ ਵੱਖ ਹਨ, ਫਿਰ ਵੀ ਇੰਞ ਲਗਿਆ ਕਿ ਇਸ ਲੇਖ ਦਾ ਇਸ ਤੋਂ ਵਧ ਢੁੱਕਵਾਂ ਸਿਰਲੇਖ ਹੋ ਹੀ ਨਹੀਂ ਸਕਦਾ।

ਬਾਹਰਹਾਲ, ਕੇਂਦਰੀ ਵਿਚਾਰ ਲਈ ਭੂਮਿਕਾ ਬੰਨ੍ਹਦਾ ਹੋਇਆ ਅਤੇ ਇਸ਼ਾਰੇ ਨਾਲ ਸਪਸ਼ਟੀਕਰਨ ਦਿੰਦਾ ਹੋਇਆ ਲੇਖ ਖੂਬਸੂਰਤੀ ਦੀ ਚਰਮ ਸੀਮਾ 'ਤੇ ਆਖਰੀ ਪੈਰ੍ਹੇ ਵਿਚ ਪੁਜਦਾ ਹੈ, ਜਿਸ ਵਿਚ ਖੁਦ ਟੈਗੋਰ ਨੇ ਹਰ ਉਸ ਖ਼ੁਸ਼ਵੰਤ ਸਿੰਘ, ਜੋ ਕਿਸੇ ਟੈਗੋਰ ਬਾਰੇ ਵਿਚਾਰ ਪ੍ਰਗਟਾਉਂਦਾ ਹੈ, ਦਾ ਜੁਆਬ ਸਮੇਂ ਅਤੇ ਕਾਲ ਦੀਆਂ ਹੱਦਾਂ ਤੋਂ ਪਾਰ ਜਾ ਕੇ ਦਿਤਾ ਹੈ। **ਅਜੀਤ ਇੰਜਨੀਅਰ, ਦਿੱਲੀ**

—o—

ਆਪ ਜੀ ਦਾ ਵਰਿਆਮ ਮਿਲਿਆ ਸਤੰਬਰ ਅਤੇ ਅਗਸਤ ਦਾ। ਪਹਿਲਾਂ ਤਾਂ ਦੇਖਕੇ ਹੀ ਬੜੀ ਖੁਸ਼ੀ ਹੋਈ... ਆਰਟ ਦੇ ਲਿਹਾਜ ਨਾਲ ਸੁਖਵੰਤ ਸਿੰਘ ਜੀ ਨੇ ਬੜੀ ਹੀ ਸੋਹਣੀ ਸੈਟਿੰਗ ਕੀਤੀ ਹੈ ਵਾਕੇਅ ਹੀ ਪ੍ਰਸੰਸਾਯੋਗ ਹੈ।

ਬਾਕੀ ਆਈ ਲੇਖਾਂ ਦੀ ਗੱਲ—ਸਿੱਖ ਸੰਮੇਲਨ ਭੈਣੀ ਸਾਹਿਬ ਤੋਂ ਅੰਮ੍ਰਿਤਸਰ ਬੜੇ ਹੀ ਸੋਹਣੇ ਵਿਸਥਾਰ ਨਾਲ ਦਿਤਾ ਹੈ। ਮੈਂ ਭੁਲ ਹੀ ਗਿਆ ਆਪ ਜੀ ਨੂੰ ਸਿੱਖ ਸੰਮੇਲਨ ਵਲੋਂ ਸਤਿਗੁਰਾਂ ਦੀ ਕ੍ਰਿਪਾ ਨਾਲ ਸਨਮਾਨਤ ਕੀਤਾ ਗਿਆ ਹੈ, ਇਹ ਇਕ ਆਪ ਜੀ ਦੇ ਜੀਵਨ ਦੀ ਬੜੀ ਵੱਡੀ ਖੁਸ਼ੀ ਦੀ ਗੱਲ ਹੈ। ਸਤਿਗੁਰੂ ਜੀ ਆਪ ਜੀ ਨੂੰ ਇਸ ਤਰ੍ਹਾਂ ਹੀ ਨਿਵਾਜਿਆ ਹੈ। ਸਾਡੀ ਅਰਦਾਸ ਹੈ ਅਤੇ ਮੇਰੇ ਵਲੋਂ ਬਹੁਤ ਬਹੁਤ ਵਧਾਈ ਹੋਵੇ।

'ਕੂਕਾ ਅੰਦੋਲਨ' ਡਾ. ਫ਼ੌਜਾ ਸਿੰਘ ਜੀ ਦਾ ਲੇਖ ਬੜਾ ਸ਼ਲਾਘਾਯੋਗ ਹੈ। ਇਸ ਤਰ੍ਹਾਂ ਦੇ ਲੇਖ ਘੱਟ ਹੀ ਪੜ੍ਹਨ ਨੂੰ ਮਿਲਦੇ ਹਨ।

ਮਾਸਟਰ ਤਾਰਾ ਸਿੰਘ ਜੀ ਦਾ ਭੈਣੀ ਸਾਹਿਬ ਆਉਣ-ਜਾਣ ਅਸੀਂ ਪਹਿਲੀ ਵਾਰ ਹੀ ਪੜ੍ਹਿਆ ਹੈ। ਸੋਹਣ ਸਿੰਘ ਭਕਨਾ ਜੀ ਬਾਰੇ ਵੀ ਕਾਫੀ ਜਾਣਕਾਰੀ ਮਿਲੀ। ਆਪ ਜੀ ਦੇ ਬੜੇ ਧੰਨਵਾਦੀ ਹਾਂ। 'ਗਰਮ ਕੋਟ', 'ਅਮਾਨਤ ਵਿਚ ਖਿਆਨਤ' ਅੱਛੀਆਂ ਕਹਾਣੀਆਂ ਹਨ।

ਬਾਕੀ ਰਹੀ ਗੀਤਾਂ ਦੀ ਗੱਲ—ਸੁਰਜੀਤ ਖ਼ੁਰਸ਼ੀਦੀ ਦੀ 'ਅੱਧੀ ਰਾਤ ਨੂੰ' ਮੈਨੂੰ ਇਸ ਦੀ ਕੁਝ ਸਮਝ ਨਹੀਂ ਲੱਗੀ ਕਿ ਸੁਰਜੀਤ ਖ਼ੁਰਸ਼ੀਦੀ ਕੀ ਕਹਿਣਾ ਚਾਹੁੰਦਾ ਹੈ। ਹੋ ਸਕਦਾ ਹੈ ਜਿਸ ਦੀ ਸਮਝ ਨਾ ਲੱਗੇ ਉਹ ਬੜਾ ਵਧੀਆ ਹੁੰਦਾ ਹੈ। ਹੈ। ਜਿਸ ਤਰ੍ਹਾਂ ਮੈਨੂੰ ਅੱਜ ਤਕ ਜਪੁਜੀ ਸਾਹਿਬ ਦੀ ਸਮਝ ਨਹੀਂ ਲੱਗੀ। ਇਸ ਕਵਿਤਾ ਤੋਂ ਚੰਗਾ ਆਪ ਇਕ ਪਨਾ ਲਤੀਫ਼ਿਆਂ ਦਾ ਛਾਪਿਆ ਕਰੋ।

ਲਤੀਫ਼ਾ—ਇਕ ਪਿੰਡ ਵਿਚ ਇਕ ਬੰਦਾ ਗਿਆ। ਕਹਿਣ ਲੱਗਾ, "ਮੈਂ ਸੁਣਿਆ ਇਸ ਪਿੰਡ ਵਿਚ ਕੋਈ ਬੀਮਾਰ ਨਹੀਂ ਹੈ ਤੇ ਇਹ ਹਾਏ ਹਾਏ ਕੌਣ ਕਰ ਰਿਹਾ ਹੈ?" ਇਕ ਬੰਦੇ ਨੇ ਦਸਿਆ, "ਇਹ ਡਾਕਟਰ ਹੈ ਅਤੇ ਭੁੱਖਾ ਮਰ ਰਿਹਾ ਹੈ, ਬਾਕੀ ਸਭ ਸੁੱਖ ਹੈ।"

**ਅਮਰੀਕ ਸਿੰਘ ਜੰਮੂ**

—o—

ਵਰਿਆਮ ਭਾਵੇਂ ਦੇਰ ਨਾਲ ਮਿਲਿਆ ਪਰ ਬਈ ਸੁਆਦ ਆ ਗਿਆ। ਦਿਖ ਅਤੇ ਮੈਟਰ ਵਲੋਂ ਲਾਜੁਆਬ ਹੈ। ਸਾਰੀਆਂ ਹੀ ਰਚਨਾਵਾਂ ਇਕ ਤੋਂ ਇਕ ਵਧੀਆ। ਮੁਬਾਰਕਾਂ।

ਉੱਚ ਸਨਮਾਨ ਦੀ ਪਰਾਪਤੀ ਤੇ ਵੀ ਮੁਬਾਰਕਬਾਦ ਕਬੂਲ ਕਰੋ ਜੀ।

ਵਰਿਆਮ ਦਾ ਹੱਥਲਾ ਅੰਕ ਜਿਲਦ ੨੦ ਅੰਕ ੧੦-੧੧ ਦਾ ਹੈ। ਭਾਵ ਵੀਹਵਾਂ ਵਰ੍ਹਾ ਖ਼ਤਮ ਹੋ ਰਿਹਾ ਹੈ। ਵਰਿਆਮ ਭਰ ਜੁਆਨ ਹੋ ਗਿਆ ਹੈ। ਜਿਸ ਦ੍ਰਿੜ੍ਹਤਾ ਨਾਲ ਤੁਸੀਂ ਇਸਨੂੰ ਜਾਰੀ ਰਖਿਆ ਹੈ ਉਹ ਨੋਟਿਸ ਲਏ ਜਾਣ ਦਾ ਹੱਕ ਰਖਦੀ ਹੈ। ਤੁਸੀਂ ਨੰਗੇ ਧੜ ਸਾਹਿਤ ਅਤੇ ਨਾਮਧਾਰੀ ਦਰਬਾਰ ਦੋਹਾਂ ਦੀ ਲਾਮਿਸਾਲ ਸੇਵਾ ਕੀਤੀ ਹੈ। ਮੈਂ ਕੇਵਲ ਮੁਬਾਰਕਬਾਦ ਦੇਣ ਦੀ ਹੀ ਸਮਰਥਾ ਰੱਖਦਾ ਹਾਂ। ਕੋਈ ਸੰਸਥਾ ਜੁ ਨਹੀਂ ਹਾਂ।

**ਸੁਰਜੀਤ ਖੁਰਸ਼ੀਦੀ**
ਸ੍ਰੀ ਭੈਣੀ ਸਾਹਿਬ

—o—

ਵਰਿਆਮ ਹਰ ਵਾਰੀ ਨਵੀਂ ਦਿੱਖ ਲੈ ਕੇ ਹਾਜ਼ਰ ਹੁੰਦਾ ਹੈ, ਤਸਵੀਰਾਂ ਬਹੁਤ ਸੋਹਣੀਆਂ ਛਪਦੀਆਂ ਹਨ, ਤੁਹਾਡਾ ਲੇਖ 'ਕਿੰਨੇ ਮਾਰੇ ਨੇ' ਬਹੁਤ ਵਧੀਆ ਲਗਿਆ।

**ਸੁਰਿੰਦਰ ਕੌਰ ਖਰਲ ਰੋਪੜ**



Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾਈਵੇਟ ਲਿਮਟਿਡ

## ਹੈਦਰਾਬਾਦ

## ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ

## ਬਨਾਉਣ ਵਾਲੇ

# AMBER BISCUITS Pvt. Ltd.

SANTOSH NAGAR, X'ROAD, HYDERABAD-500035 (INDIA)





Sri Satguru Jagjit Singh Ji eLibrary NamdhariElibrary@gmail.com

GRAMS : MATHARU P. O. Box 64 Ph. 32527
Mfg. : Rice Bran Extraction Plant Accessories

**Matharu Engineering Works**

MATHARU TRADING COMPANY
Partner—S. Swaran Singh Matharu
Works :
Near Char Batti Chowk
Sultanpur Road, Kapurthala.
Branch : Ph. : 490853
2847 St. No. 6, New Janta Nager,
Near A. T. I. College, Gill Road, Ludhiana.

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੋਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨ**

ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 29299

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 2200

**Makhan Singh Saggu**

**TECHNO INDUSTRIE**

ਟੈਕਨੋ ਇੰਡਸਟਰੀਜ਼

Manufacturers, Fabricators & Exporter
Industrial Chain Sprockets & Sugar Mi
Spares All Types of Graded Casting
& Machinery Parts

E. D. 311, Old Railway Road,
JALANDHAR-144001.



Sri Satguru Jagjit Singh Ji eLibrary NamdhariElibrary@gmail.com

*With best compliments from*

# YOUR
# CLOTH HOUSE

**Wholeseller & Retailor**

**Gents Wing :**

**S.C.F. 1, Sector 20-C, Chandigarh.**

Phone : 23363, 31199

**Ladies Wing :**

**S.C.O. 6, Sector 20-C, Chandigarh.**

Phone : 29849

**Rumal Sahib Wing :**

**Booth No. 36, Sector 34-C, Chandigarh.**

**Your Saree Centre :**

**S.C.F. No. 1, Sector 20-C, Chandigarh.**





Sri Satguru Jagjit Singh Ji eLibrary NamdhariElibrary@gmail.com

☎ 61040
Code : 01824

# For Fitting Diesel Engines in Foreign
# &
# INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA

Registered No. PB/JL-253

**MONTHLY WARIAM**

Ladowali Road, Jalandahr-144 001

Registered with the Registrar of News papers for India No. 26453

October 19

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

ੲ/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬

Manufacturers & Suppliers of :

**TURKIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

Office : 2528411–2510345 Resi.: 6845441

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, [illegible] ਨੇ ਨਾਮਧਾਰੀ ਪ੍ਰਿੰਟਰਜ਼, [illegible] ਤੋਂ ਛਪਵਾ ਕੇ ਦਫਤਰ

Sri Satguru Jagjit Singh Ji eLibrary NamdhariElibrary@gmail.com